Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2



Vol 18 * Issue 35
Daily Newspaper Thursday, February 21, 2019
Tel: 905-793-2202 Fax: 905-793-2282 news@punjabipost.ca



Best Insurance Rates
▪Auto ▪Home ▪Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

INSURANCE
Home, Auto, Business, Trucking, R.E.S.P, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc.
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਉ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ



ਅੰਦਰ ਪੜ੍ਹੋ



ਆਈ ਜੀ ਉਮਰਾਨੰਗਲ ਦੀ ਗ੍ਰਿਫਤਾਰੀ ਪਿੱਛੋਂ ਵਿਸ਼ੇਸ਼ ਜਾਂਚ ਟੀਮ ਵੱਲੋਂ ਵੱਡੇ ਖੁਲਾਸੇ


ਪੰਨਾ 03

ਸੁਖਬੀਰ ਤੇ ਮਜੀਠੀਆ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਨੋਟਿਸ ਜਾਰੀ


ਪੰਨਾ 04

ਰੂਬੀ ਸਹੋਤਾ ਨੇ ਕੀਤੀ ਰਾਇਰਸਨ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਨਾਲ ਮੁਲਾਕਾਤ


ਪੰਨਾ 05


# ਆਪਣਾ ਸੱਚ ਦੱਸਣ ਲਈ ਮੌਕੇ ਦੀ ਉਡੀਕ ਕਰ ਰਹੀ ਹਾਂ : ਰੇਅਬੋਲਡ

ਓਟਵਾ, 20 ਫਰਵਰੀ (ਪੋਸਟ ਬਿਊਰੋ) : ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਬੁੱਧਵਾਰ ਨੂੰ ਲਿਬਰਲ ਐਮਪੀ ਜੋਡੀ ਵਿਲਸਨ ਰੇਅਬੋਲਡ ਨੇ ਹਾਊਸ ਆਫ ਕਾਮਨਜ਼ ਵਿੱਚ ਆਖਿਆ ਕਿ ਉਸ ਨੂੰ ਪੂਰੀ ਆਸ ਹੈ ਕਿ ਉਸ ਨੂੰ ਆਪਣਾ ਸੱਚ ਬੋਲਣ ਦਾ ਮੌਕਾ ਦਿੱਤਾ ਜਾਵੇਗਾ।



ਇਸ ਘਪਲੇ ਦੇ ਬਾਹਰ ਆਉਣ ਉਪਰੰਤ ਪਹਿਲੀ ਵਾਰੀ ਕਾਮਨਜ਼ ਵਿੱਚ ਟਿੱਪਣੀ ਕਰਦਿਆਂ ਰੇਅਬੋਲਡ ਨੇ ਉਕਤ ਗੱਲ ਆਖੀ। ਐਨਡੀਪੀ ਵੱਲੋਂ ਇਸ ਮਾਮਲੇ ਦੀ ਨਵੇਂ ਸਿਰੇ ਤੋਂ ਜਾਂਚ ਕਰਵਾਏ ਜਾਣ ਦੀ ਮੰਗ ਉੱਤੇ ਕਰਵਾਈ ਜਾਣ ਵਾਲੀ ਵੋਟਿੰਗ ਦੌਰਾਨ ਰੇਅਬੋਲਡ ਨੇ ਆਖਿਆ ਕਿ ਉਹ ਇਸ ਵੋਟਿੰਗ ਵਿੱਚ ਹਿੱਸਾ ਨਹੀਂ ਲਵੇਗੀ ਕਿਉਂਕਿ ਮਾਮਲੇ ਵਿੱਚ ਉਸ ਦਾ ਨਾਂ ਵੀ ਬੋਲਦਾ ਹੈ। ਇਸ ਮਤੇ ਨੂੰ 134 ਦੇ ਮੁਕਾਬਲੇ 160 ਵੋਟਾਂ ਨਾਲ ਲਿਬਰਲਾਂ ਨੇ ਸ਼ਿਕਸਤ ਦੇ ਦਿੱਤੀ।

ਰੇਅਬੋਲਡ ਨੇ ਆਖਿਆ ਕਿ ਉਹ ਪਹਿਲਾਂ ਵੀ ਇਹ ਆਖ ਚੁੱਕੀ ਹੈ ਕਿ ਇਸ ਮਾਮਲੇ ਵਿੱਚ ਉਹ ਕੀ ਕਹਿ ਸਕਦੀ ਹੈ ਜਾਂ ਨਹੀਂ ਇਸ ਬਾਰੇ ਉਸ ਨੂੰ ਸਲਾਹ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਉਹ ਇਹ ਵੀ ਸਮਝਦੀ ਹੈ ਕਿ ਕੈਨੇਡੀਅਨ ਸੱਚ ਜਾਣਨਾ ਚਾਹੁੰਦੇ ਹਨ ਤੇ ਪਾਰਦਰਸ਼ਤਾ ਵੀ ਚਾਹੁੰਦੇ ਹਨ। ਇਸ ਲਈ ਉਨ੍ਹਾਂ ਆਸ ਪ੍ਰਗਟਾਈ ਕਿ ਉਨ੍ਹਾਂ ਨੂੰ ਵੀ ਆਪਣਾ ਸੱਚ ਦੱਸਣ ਦਾ ਮੌਕਾ ਦਿੱਤਾ ਜਾਵੇਗਾ।

ਇਸ ਤੋਂ ਪਹਿਲਾਂ ਟਰੂਡੋ ਨੇ ਆਖਿਆ ਕਿ ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਤੱਥਾਂ ਦਾ ਸਾਹਮਣੇ ਆਉਣਾ ਬਹੁਤ ਜ਼ਰੂਰੀ ਹੈ ਤੇ ਇਸ ਲਈ ਮੌਜੂਦਾ ਕਮੇਟੀ ਤੇ ਐਥਿਕਸ ਕਮਿਸ਼ਨਰ ਜਾਂਚ ਬਿਲਕੁਲ ਸਹੀ ਫੈਸਲਾ ਹਨ। ਟਰੂਡੋ ਨੇ ਇਹ ਵੀ ਆਖਿਆ ਕਿ ਇਸ ਦੌਰਾਨ ਹਾਊਸ ਦੀ ਜਸਟਿਸ ਕਮੇਟੀ ਸਾਹਮਣੇ ਰੇਅਬੋਲਡ ਵੱਲੋਂ ਦਿੱਤੀ ਜਾਣ ਵਾਲੀ ਗਵਾਹੀ ਦਾ ਉਹ ਸਵਾਗਤ ਕਰਦੇ ਹਨ।

# ਟਰੂਡੋ ਨੇ ਰੇਅਬੋਲਡ ਤੋਂ ਮੰਗੀ ਮੁਆਫੀ



ਓਟਵਾ, 20 ਫਰਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਸਐਨਸੀ-ਲਾਵਾਲਿਨ ਵਿਵਾਦ ਸ਼ੁਰੂ ਹੋਣ ਵਾਲੇ ਦਿਨਾਂ ਵਿੱਚ ਅਣਦੱਸੇ ਲਿਬਰਲ ਸਰੋਤਾਂ ਵੱਲੋਂ ਲਿਬਰਲ ਐਮਪੀ ਜੋਡੀ ਵਿਲਸਨ ਰੇਅਬੋਲਡ ਉੱਤੇ ਕੀਤੇ ਨਿਜੀ ਹਮਲਿਆਂ ਦੀ ਨਿਖੇਧੀ ਨਾ ਕਰਨ ਲਈ ਉਨ੍ਹਾਂ ਤੋਂ ਮੁਆਫੀ ਮੰਗੀ।

ਬੁੱਧਵਾਰ ਨੂੰ ਪ੍ਰਸ਼ਨ ਕਾਲ ਵਿੱਚ ਹਿੱਸਾ ਲੈਣ ਲਈ ਜਾਂਦਿਆਂ ਟਰੂਡੋ ਨੇ ਇਹ ਗੱਲ ਆਖੀ। ਇਹ ਬਿਆਨ ਟਰੂਡੋ ਵੱਲੋਂ ਉਸ ਸਮੇਂ ਆਇਆ ਜਦੋਂ ਰੇਅਬੋਲਡ ਨੇ 170 ਹੋਰਨਾਂ ਲਿਬਰਲ ਐਮਪੀਜ਼ ਸਮੇਤ ਕੌਮੀ ਕਾਕਸ ਮੀਟਿੰਗ ਵਿੱਚ ਹਿੱਸਾ ਲਿਆ ਤੇ ਮੰਗਲਵਾਰ ਨੂੰ ਜਦੋਂ ਉਸ ਦੀ ਫੈਡਰਲ ਕੈਬਨਿਟ ਨਾਲ ਗੱਲ ਕਰਨ ਦੀ ਬੇਨਤੀ ਸਵੀਕਾਰ ਕਰ ਲਈ ਗਈ। ਇਨ੍ਹਾਂ ਬੰਦ ਦਰਵਾਜ਼ਾ ਮੀਟਿੰਗ ਵਿੱਚ ਕਿਸ ਮੁੱਦੇ ਉੱਤੇ ਵਿਚਾਰ ਵਟਾਂਦਰਾ ਕੀਤਾ ਗਿਆ ਇਸ ਬਾਰੇ ਕਿਸੇ ਨੂੰ ਕੋਈ ਖਬਰ ਨਹੀਂ ਲੱਗ ਸਕੀ। ਮੀਟਿੰਗ ਵਿੱਚ ਹਿੱਸਾ ਲੈਣ ਵਾਲੇ ਕਈ ਲਿਬਰਲ ਐਮਪੀਜ਼ ਨੇ ਆਖਿਆ ਕਿ ਮੀਟਿੰਗ ਕਾਫੀ ਸਫਲ ਤੇ ਸਕਾਰਾਤਮਕ ਰਹੀ ਪਰ ਉਨ੍ਹਾਂ ਕੋਈ ਵੇਰਵੇ ਨਹੀਂ ਦਿੱਤੇ।

# ਆਟਿਜ਼ਮ ਦਾ ਸ਼ਿਕਾਰ ਬੱਚਿਆਂ ਦੇ ਮਾਪਿਆਂ ’ਤੇ ਕੀਤੀਆਂ ਟਿੱਪਣੀਆਂ ਕਾਰਨ ਫੋਰਡ ਨੇ ਐਮਪੀਪੀ ਨੂੰ ਕੀਤਾ ਸਸਪੈਂਡ

ਟੋਰਾਂਟੋ, 20 ਫਰਵਰੀ (ਪੋਸਟ ਬਿਊਰੋ) : ਆਟਿਜ਼ਮ ਦਾ ਸ਼ਿਕਾਰ ਬੱਚਿਆਂ ਦੇ ਮਾਪਿਆਂ ਉੱਤੇ ਟਿੱਪਣੀ ਕਰਨ ਵਾਲੇ ਆਪਣੇ ਕਾਕਸ ਮੈਂਬਰ ਨੂੰ ਬੁੱਧਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਨੇ ਸਸਪੈਂਡ ਕਰ ਦਿੱਤਾ। ਵਿਧਾਨ ਸਭਾ ਵਿੱਚ ਮੌਜੂਦ ਇਹ ਮਾਪੇ ਫੰਡਿੰਗ ਵਿੱਚ ਹੋਈਆਂ ਤਬਦੀਲੀਆਂ ਨੂੰ ਲੈ ਕੇ ਰੋਹ ਵਿੱਚ ਸਨ। ...ਬਾਕੀ ਪੰਨਾ 6 ’ਤੇ



# ਜਗਮੀਤ ਸਿੰਘ ਐਲਐਨਜੀ ਕੈਨੇਡਾ ਦੇ ਹੱਕ ’ਚ, ਪਾਰਟੀ ਵਿਰੋਧ ’ਚ

ਬਰਨਾਬੀ, 20 ਫਰਵਰੀ (ਪੋਸਟ ਬਿਊਰੋ) : ਫੈਡਰਲ ਐਨਡੀਪੀ ਆਗੂ ਜਗਮੀਤ ਸਿੰਘ ਉੱਤਰੀ ਬ੍ਰਿਟਿਸ਼ ਕੋਲੰਬੀਆ ਵਿੱਚ 40 ਬਿਲੀਅਨ ਡਾਲਰ ਦੇ ਐਲਐਨਜੀ ਕੈਨੇਡਾ ਪ੍ਰੋਜੈਕਟ ਦੇ ਹੱਕ ਵਿੱਚ ਹਨ ਜਦਕਿ ਉਨ੍ਹਾਂ ਨੂੰ ਆਪਣੀ ਪਾਰਟੀ ਦੇ ਅੰਦਰੋਂ ਹੀ ਵਾਤਾਵਰਣ ਵਿੱਚ ਹੋਣ ਵਾਲੀਆਂ ਤਬਦੀਲੀਆਂ ਲਈ ਕੋਈ ਸਖ਼ਤ ਕਦਮ ਚੁੱਕਣ ਵਾਸਤੇ ਆਖਿਆ ਜਾ ਰਿਹਾ ਹੈ। ਜਨਰਲ ਚੋਣਾਂ ਵਿੱਚ ਬਰਨਾਬੀ ਨੌਰਥ-ਸੇਅਮੌਰ ਤੋਂ ਐਨਡੀਪੀ ਉਮੀਦਵਾਰ ਵੈਂਡ ਰੌਬਿਨਸਨ ਵੱਲੋਂ ਕਿਸੇ ਵੀ ਤਰ੍ਹਾਂ ਦੇ ਨਵੇਂ ਤੇਲ ਤੇ ਗੈਸ ਇਨਫਰਾਸਟ੍ਰਕਚਰ ਦਾ ਵਿਰੋਧ ਕੀਤਾ ਜਾ ਰਿਹਾ ਹੈ।



..ਬਾਕੀ ਪੰਨਾ 6 ’ਤੇ

# ਬਰੈਂਪਟਨ ਤੇ ਰਾਇਰਸਨ ਯੂਨੀਵਰਸਿਟੀ ਮੌਜੂਦਾ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਚੁੱਕੇਗੀ ਕਦਮ

ਬਰੈਂਪਟਨ, 20 ਫਰਵਰੀ (ਪੋਸਟ ਬਿਊਰੋ) : 20 ਫਰਵਰੀ ਨੂੰ ਹੋਈ ਆਪਣੀ ਮੀਟਿੰਗ ਵਿੱਚ ਬਰੈਂਪਟਨ ਸਿਟੀ ਕਾਊਂਸਲ ਨੇ ਰਾਇਰਸਨ ਯੂਨੀਵਰਸਿਟੀ ਨਾਲ ਆਪਣੀ ਮੌਜੂਦਾ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਮੈਮੋਰੈਂਡਮ ਆਫ ਅੰਡਰਸਟੈਂਡਿੰਗ ਕਾਇਮ ਕਰਨ ਦੀ ਆਪਣੇ ਅਮਲੇ ਨੂੰ ਹਦਾਇਤ ਕੀਤੀ। ਇਹ ਸੱਭ ਇਨੋਵੇਸ਼ਨ ਹੱਬ ਤੇ ਸਾਇਬਰਕਿਓਰ ਕੈਟਾਲਿਸਟ ਕਾਇਮ ਕਰਨ ਵਾਸਤੇ ਲੋੜੀਂਦੇ ਫੰਡਾਂ ਤੇ ਸਰੋਤਾਂ ਵਾਸਤੇ ਕੀਤਾ ਜਾ ਰਿਹਾ ਹੈ। ਇਸ ਉਦਮ ਦੀ ਅਗਵਾਈ ਰਾਇਰਸਨ ਯੂਨੀਵਰਸਿਟੀ ਵੱਲੋਂ ਕੀਤੀ ਜਾਵੇਗੀ। ਇਸ ਸਬੰਧ ਵਿੱਚ ਕਿੰਨਾਂ ਫੰਡ ਰੱਖਿਆ ਜਾਵੇਗਾ ਇਹ ਸਿਟੀ 2019 ਵਾਲੇ ਬਜਟ ਸੈਸ਼ਨ, ਜੋ ਕਿ 18 ਮਾਰਚ ਤੋਂ ਸ਼ੁਰੂ ਹੋ ਰਿਹਾ ਹੈ, ਦੌਰਾਨ ਤੈਅ ਕੀਤਾ ਜਾਵੇਗਾ। ਦੀ ਇਨੋਵੇਸ਼ਨ ਹੱਬ, ਜਿਸ ਨੂੰ ਇਨਕਿਊਬੇਟਰ ਵੀ ਆਖਿਆ ਜਾ ਰਿਹਾ ਹੈ, ਡਾਊਨਟਾਊਨ ਬਰੈਂਪਟਨ ਵਿੱਚ 41 ਜਾਰਜ ਸਟਰੀਟ ਉੱਤੇ ਸਥਿਤ ਹੋਵੇਗਾ। ਇੱਥੇ ਨਵੀਆਂ ਤਕਨੀਕੀ ਕੰਪਨੀਆਂ ਨੂੰ ਆਪਣੀ ਥਾਂ ਬਣਾਉਣ ਤੇ ਵਿਕਾਸ ਕਰਨ ਦੇ ਨਾਲ ਨਾਲ ਗਾਹਕਾਂ, ਮਾਹਿਰਾਂ, ਪੂੰਜੀ, ਕਾਰੋਬਾਰੀਆਂ ਦੀ ਕਮਿਊਨਿਟੀ ਤੇ ਇਨਫਲੂਐਂਸਰਜ਼ ਨਾਲ ਜੁੜਨ ਦਾ ਮੌਕਾ ਮਿਲੇਗਾ। ..ਬਾਕੀ ਪੰਨਾ 6 ’ਤੇ





HSBA TAX SERVICES ਟੈਕਸ ਕਿਵੇਂ ਤੇ ਕਿਥੇ ਬਚਾਉਣਾ ਹੈ?
*Corporation's Registration – Federal $240, Ontario $380*
Initial Business Setup and Consultation
Personal & Corporation
Accounting & Bookkeeping Services
Tax Planning
HST, WSIB & Payroll Taxes
CRA Appeals, Audits & Notice of Objection
Cash Flow, Forecasts & Project Reports
Registered Education Saving Plans (RESPs)
Prabhjot Kaur Sr. Accountant, M.B.A
Email:info@hsbatax.com
Tel: 647-720-5278 | 20%Discount For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

ਕੀ ਤੁਸੀ ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
NU WAY TOUR & TRAVELS INC.
AIR TICKETS
CRUISES
VACATIONS
TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com


PUNJAB SINDH FINANCE
TRUCK/TRAILER LOAN & REFINANCE
PUNJAB SINDH FINANCE EVERY $ MAKES A DIFFERENCE
ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ
Financing/Refinancing ਦਾ ਪੂਰਾ ਪ੍ਰਬੰਦ
• Quick Loan Approval Guranteed
• Bad credit........ No Problem
• Low Down Payment
• Lowest Rate of Interest
• Paper Work...... Minimum
• Best Flexible Terms & Conditions
Gary Chatha
President
647.227.3385
info@punjabsindhfinance.com
905.440.0000
6665 Tomken Rd #202, Mississauga, ON L5T 2C5 (Tomken/Midway)


PATANJALI®
Special on Sale
BUY 2 GET 1 FREE
Aloe Vera Gel
Herbal Toothpaste
Any Shampoo
Any Soap
Aloe Vera Gel
Toothpaste (Dant Kanti)
Hair Cleanser
Buy 1 and get 2nd 50% off
416.356.3987
647.773.7657
Tulsi Vati
Neem Vati
$4.99
Whole Wheat Atta
www.patanjalisewakendrabrampton.ca
patanjalibrampton@gmail.com
22-2120 North park Dr. Brampton L6S 0C9 905-790-1118
124-1065 Canadian place Mississauga L4W 0C2 905-238-3131
503 Ray Lawson Blvd #3 Brampton L6Y 0N2


ਮੂੰਹੋ ਬੋਲਦੀ Kitchen and Washroom ਬਣਵਾਓ
Pearson Kitchen & Cabinet
Free Estimate
We Specialize in granite, quartz & marble countertops
100% Satisfaction On Time
We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor
ਵਾਜਿਬ ਦਾਮ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)


Data everywhere. No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr AUTHORIZED DEALER
379 Main St. North, Brampton, ON
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਦਿੱਤੀ ਧਮਕੀ ਇਮਰਾਨ ਖਾਂ ਕੱਲ੍ਹ ਜਿਹੜੀ,
ਵੱਟ-ਵੱਟ ਘੂਰੀਆਂ ਭਾਰਤ ਦੇ ਵੱਲ ਬੇਲੀ।
ਲਿਖਿਆ ਹੋਇਆ ਬਿਆਨ ਉਹ ਪੜ੍ਹੀ ਜਾਂਦਾ,
ਜਿਹੜਾ ਪੜ੍ਹਨ ਨੂੰ ਦਿੱਤਾ ਗਿਆ ਘੱਲ ਬੇਲੀ।
ਜਿਸ ਨੂੰ ਕੁਰਸੀ ਵੀ ਫੌਜ ਨੇ ਆਪ ਦਿੱਤੀ,
ਸਕੂ ਉਹ ਪੈਂਤੜਾ ਆਪ ਨਹੀਂ ਮੱਲ ਬੇਲੀ।
ਏਧਰ ਭਾਰਤ ਦਾ ਰੌਂਅ ਵੀ ਸਖਤ ਹੋਇਆ,
ਆ ਗਈ ਅੜੀ 'ਤੇ ਜਾਪ ਰਹੀ ਗੱਲ ਬੇਲੀ।
ਚਿਤਵਣ ਜਿਹੀ ਕੁਝ ਛਿੜੀ ਪੰਜਾਬੀਆਂ ਨੂੰ,
ਪਤਾ ਨਹੀਂ ਸਮਾਂ ਕੀ ਰੰਗ ਵਿਖਾਉਣ ਲੱਗੈ।
ਡਾਢਾ ਫਿਕਰ ਪਿਆ ਲੱਗਾ ਉਜਾੜਿਆਂ ਦਾ,
ਵਕਤ ਬੀਤਿਆ ਯਾਦ ਫਿਰ ਆਉਣ ਲੱਗੈ।

ਤੀਸ ਮਾਰ ਖਾਂ

## ਪਾਕਿ ਨਾਗਰਿਕਾਂ ਨੂੰ 48 ਘੰਟਿਆਂ ਵਿੱਚ ਬੀਕਾਨੇਰ ਤੋਂ ਨਿਕਲ ਜਾਣ ਦਾ ਹੁਕਮ

ਬੀਕਾਨੇਰ, 20 ਫਰਵਰੀ (ਪੋਸਟ ਬਿਊਰੋ)- ਪੁਲਵਾਮਾ ਵਿੱਚ ਹੋਏ ਅੱਤਵਾਦੀ ਹਮਲੇ ਕਾਰਨ ਬੀਕਾਨੇਰ ਵਿੱਚ ਮੌਜੂਦ ਸਾਰੇ ਪਾਕਿਸਤਾਨੀ ਨਾਗਰਿਕਾਂ ਨੂੰ 48 ਘੰਟਿਆਂ ਅੰਦਰ ਜ਼ਿਲ੍ਹਾ ਛੱਡ ਕੇ ਜਾਣ ਦਾ ਹੁਕਮ ਦੇ ਦਿੱਤਾ ਗਿਆ ਹੈ।

ਬੀਕਾਨੇਰ ਜ਼ਿਲ੍ਹਾ ਮੈਜਿਸਟਰੇਟ ਕੁਮਾਰਪਾਲ ਗੌਤਮ ਨੇ ਕੱਲ੍ਹ ਧਾਰਾ 144 ਦਾ ਹੁਕਮ ਜਾਰੀ ਕੀਤਾ, ਜਿਸ ਮੁਤਾਬਕ ਕਿਹਾ ਗਿਆ ਕਿ ਬੀਕਾਨੇਰ ਪਾਕਿਸਤਾਨੀ ਸਰਹੱਦ ਦੇ ਨੇੜੇ ਹੈ, ਇਸ ਕਾਰਨ ਪਾਕਿਸਤਾਨੀ ਨਾਗਰਿਕਾਂ ਨੂੰ ਇਥੇ ਰਹਿਣ ਤੇ ਠਹਿਰਨ ਨਾਲ ਸੁਰੱਖਿਆ ਨੂੰ ਗੰਭੀਰ ਖਤਰਾ ਪੈਦਾ ਹੋ ਸਕਦਾ ਹੈ, ਇਸ ਕਰ ਕੇ ਇਹ ਫੈਸਲਾ ਲਾਗੂ ਕੀਤਾ ਗਿਆ। ਉਨ੍ਹਾਂ ਬੀਕਾਨੇਰ ਦੀ ਸੀਮਾ ਖੇਤਰ ਅਧੀਨ ਬਣੇ ਹੋਟਲਾਂ, ਧਰਮਸ਼ਾਲਾ ਅਤੇ ਹਸਪਤਾਲਾਂ ਆਦਿ ਵਿੱਚ ਪਾਕਿਸਤਾਨੀ ਨਾਗਰਿਕਾਂ ਨੂੰ ਪਨਾਹ ਦੇਣ ਜਾਂ ਰਹਿਣ 'ਤੇ ਵੀ ਪਾਬੰਦੀ ਲਗਾ ਦਿੱਤੀ ਹੈ। ਦੋ ਮਹੀਨੇ ਲਈ ਲਾਗੂ ਕੀਤੇ ਗਏ ਇਸ ਹੁਕਮ ਵਿੱਚ ਕਿਹਾ ਗਿਆ ਹੈ ਕਿ ਬੀਕਾਨੇਰ ਜ਼ਿਲ੍ਹੇ ਵਿੱਚ ਰਹਿਣ ਵਾਲੇ ਭਾਰਤੀ ਨਾਗਰਿਕ, ਪਾਕਿਸਤਾਨ ਦੇ ਨਾਗਰਿਕਾਂ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਕੋਈ ਵਪਾਰਕ ਸੰਬੰਧ ਨਹੀਂ ਰੱਖਣਗੇ ਤੇ ਉਨ੍ਹਾਂ ਨੂੰ ਕੋਈ ਰੁਜ਼ਗਾਰ ਨਹੀਂ ਦੇਣਗੇ। ਪਾਕਿ-ਸਤਾਨ ਤੋਂ ਪ੍ਰਾਪਤ ਹੋ ਰਹੀ 'ਸਪੂਫ ਕਾਲ' (ਜਿਸ ਵਿੱਚ ਫੋਨ ਕਰਨ ਵਾਲੇ ਦੇ ਅਸਲੀ ਨੰਬਰ ਦੀ ਬਜਾਏ ਕੋਈ ਹੋਰ ਨੰਬਰ ਦਿਖਾਈ ਦੇਂਦਾ ਹੈ) ਦੇ ਕਾਰਨ ਕੋਈ ਵੀ ਨਾਗਰਿਕ ਕਿਸੇ ਟੈਲੀਕਾਮ ਸਾਧਨ ਰਾਹੀਂ ਕਿਸੇ ਵੀ ਪ੍ਰਕਾਰ ਦੀ ਸੈਨਿਕ/ਸੰਵੇਦਨਸ਼ੀਲ ਜਾਣਕਾਰੀ ਕਿਸੇ ਅਣਪਛਾਤੇ ਨਾਲ ਸਾਂਝੀ ਨਹੀਂ ਕਰੇਗਾ। ਜਿਨ੍ਹਾਂ ਪਾਕਿ ਨਾਗਰਿਕਾਂ ਦਾ ਵਿਦੇਸ਼ ਨਾਗਰਿਕ ਰਜਿਸਟਰੇਸ਼ਨ ਅਧਿਕਾਰੀ (ਐੱਫ ਆਰ ਓ) ਕੋਲ ਰਜਿਸਟਰੇਸ਼ਨ ਹੈ, ਉਨ੍ਹਾਂ 'ਤੇ ਇਹ ਹੁਕਮ ਲਾਗੂ ਨਹੀਂ ਹੋਏਗਾ।

## ਸਟਾਰਟ-ਅੱਪਸ ਦੇ ਨਿਯਮ ਅੱਗੇ ਨਾਲੋਂ ਸੁਖਾਲੇ ਹੋਏ

ਨਵੀਂ ਦਿੱਲੀ, 20 ਫਰਵਰੀ (ਪੋਸਟ ਬਿਊਰੋ)- ਨਵੇਂ ਕਾਰੋਬਾਰੀਆਂ ਨੂੰ ਰਾਹਤ ਦਿੰਦੇ ਹੋਏ ਭਾਰਤ ਦੀ ਮੋਦੀ ਸਰਕਾਰ ਨੇ ਸਟਾਰਟ-ਅੱਪਸ ਦੇ ਨਿਯਮ ਸੌਖੇ ਬਣਾਉਣ ਦਾ ਐਲਾਨ ਕੀਤਾ ਹੈ। ਇਸ ਹੇਠ 25 ਕਰੋੜ ਰੁਪਏ ਤੱਕ ਦੇ ਨਿਵੇਸ਼ 'ਤੇ ਇਹ ਸਟਾਰਟ ਅਪ ਏਂਜੇਲ ਟੈਕਸ ਤੋਂ ਪੂਰੀ ਤਰ੍ਹਾਂ ਛੋਟ ਲੈ ਸਕਣਗੇ। ਅਜੇ ਤੱਕ ਏਂਜੇਲ ਇਨਵੈਸਟਰਜ਼ ਦੇ 10 ਕਰੋੜ ਰੁਪਏ ਤੱਕ ਦੇ ਨਿਵੇਸ਼ 'ਤੇ ਟੈਕਸ ਦੀ ਛੋਟ ਸੀ।

ਉਦਯੋਗਿਕ ਵਿਕਾਸ ਤੇ ਅੰਦਰੂਨੀ ਟਰੇਡ ਵਿਭਾਗ (ਡੀ ਪੀ ਆਈ ਆਈ ਟੀ) ਨੇ ਇਸ ਸਬੰਧੀ ਕੱਲ੍ਹ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ,ਜਿਸ ਮੁਤਾਬਕ ਕੋਈ ਵੀ ਉਦਮ ਦੀ ਸ਼ੁਰੂਆਤ ਮਗਰੋਂ ਉਦੋਂ ਤੱਕ ਸਟਾਰਟ ਅਪ ਮੰਨਿਆ ਜਾਵੇਗਾ ਜਦੋਂ ਤੱਕ ਕਿਸੇ ਵੀ ਸਾਲ ਵਿੱਚ ਉਸ ਦਾ ਕਾਰੋਬਾਰ 100 ਕਰੋੜ ਰੁਪਏ ਸਾਲਾਨਾ ਤੋਂ ਵੱਧ ਨਾ ਹੋਵੇ। ਅਜੇ ਤੱਕ ਕਾਰੋਬਾਰ ਦੀ ਹੱਦ 25 ਕਰੋੜ ਰੁਪਏ ਸੀ। ਸਟਾਰਟ ਅਪਸ 'ਤੇ ਇਹ ਪਰਿਭਾਸ਼ਾ ਦਸ ਸਾਲ ਤੱਕ ਲਾਗੂ ਹੋਵੇਗੀ। ਦਸ ਸਾਲ ਤੋਂ ਪਹਿਲਾਂ ਕਿਸੇ ਵੀ ਪਿਛਲੀ ਵਿੱਤੀ ਵਰ੍ਹੇ 'ਚ ਟਰਨ ਓਵਰ 100 ਕਰੋੜ ਰੁਪਏ ਤੋਂ ਵੱਧ ਹੋਣ 'ਤੇ ਉਦਮ ਸਟਾਰਟ ਅਪ ਸ਼੍ਰੇਣੀ ਤੋਂ ਬਾਹਰ ਹੋ ਜਾਵੇਗਾ। ਜੇ ਕਿਸੇ ਸਟਾਰਟ ਅਪ 'ਚ ਸੌ ਕਰੋੜ ਰੁਪਏ ਦੇ ਨੈਟਵਰਥ ਵਾਲੀ ਜਾਂ 250 ਕਰੋੜ ਰੁਪਏ ਤੱਕ ਦੇ ਸਾਲਾਨਾ ਟਰਨ ਓਵਰ ਵਾਲੀ ਲਿਸਟਡ ਕੰਪਨੀ ਐਲੀਜੀਬਲ ਸਟਾਰਟ ਅਪ 'ਚ ਨਿਵੇਸ਼ ਕਰਦੀ ਹੈ ਤਾਂ 25 ਕਰੋੜ ਰੁਪਏ ਦੀ ਹੱਦ ਤੋਂ ਇਲਾਵਾ ਸੈਕਸ਼ਨ 56 (2) (ਸੱਤ ਬੀ) ਹੇਠ ਨਿਵੇਸ਼ 'ਤੇ ਛੋਟ ਦਾ ਫਾਇਦਾ ਮਿਲੇਗਾ, ਪਰ ਇਹ ਫਾਇਦਾ ਲੈਣ ਲਈ ਸਟਾਰਟ ਅਪ ਅਚਲ ਜਾਇਦਾਦਾਂ, 10 ਲੱਖ ਰੁਪਏ ਤੋਂ ਵੱਧ ਦੀ ਕੀਮਤ ਵਾਲੇ ਵਾਹਨ, ਕਰਜ਼ ਦੇਣ ਆਦਿ ਵਿੱਚ ਨਿਵੇਸ਼ ਨਹੀਂ ਕਰ ਸਕਦਾ।


COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
- DEBT CONSOLIDATION
- HOME EQUITY LOANS
- HOME RENOVATION
- WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by Upto 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
416.677.0047
Jaspal Singh Gahunia #M08006400


# ਆਈ ਜੀ ਉਮਰਾਨੰਗਲ ਦੀ ਗ੍ਰਿਫਤਾਰੀ ਪਿੱਛੋਂ ਵਿਸ਼ੇਸ਼ ਜਾਂਚ ਟੀਮ ਵੱਲੋਂ ਵੱਡੇ ਖੁਲਾਸੇ

* ਜਾਂਚ ਦੀ ਸੂਈ ਸਾਬਕਾ ਡੀ ਜੀ ਪੀ ਸੈਣੀ ਤੇ ਸੁਖਬੀਰ ਬਾਦਲ ਵੱਲ ਵਧੀ



ਫਰੀਦਕੋਟ, 20 ਫਰਵਰੀ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੇ ਵਕਤ ਫਰੀਦਕੋਟ ਜ਼ਿਲੇ ਦੇ ਬਹਿਬਲ ਕਲਾਂ ਅਤੇ ਕੋਟਕਪੂਰਾ ਵਿੱਚ ਹੋਏ ਗੋਲੀ ਕਾਂਡ ਬਾਰੇ ਸਪੈਸ਼ਲ ਜਾਂਚ ਟੀਮ (ਐੱਸ ਆਈ ਟੀ) ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਸੰਗਤ ਨੇ ਪੁਲਸ ਨੂੰ ਕਿਸੇ ਤਰ੍ਹਾਂ ਵੀ ਨਹੀਂ ਉਕਸਾਇਆ ਸੀ। ਪੁਲਸ ਅਫਸਰ ਹਾਲੇ ਤੱਕ ਇਹ ਦਾਅਵਾ ਕਰਦੇ ਆ ਰਹੇ ਸਨ ਕਿ ਸੰਗਤ ਨੇ ਪੁਲਸ ਉੱਤੇ ਹਮਲਾ ਕੀਤਾ ਤਾਂ ਉਨ੍ਹਾਂ ਨੂੰ ਫਾਇਰਿੰਗ ਕਰਨੀ ਪਈ ਸੀ, ਜਿਸ ਦੌਰਾਨ ਦੋ ਨੌਜਵਾਨਾਂ ਦੀ ਮੌਤ ਹੋ ਗਈ ਸੀ। ਇਸ ਜਾਂਚ ਵਿੱਚ ਸਭ ਤੋਂ ਹੈਰਾਨੀ ਵਾਲੀ ਗੱਲ ਇਹ ਪਤਾ ਲੱਗੀ ਹੈ ਕਿ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਨੇ ਲੁਧਿਆਣਾ ਸ਼ਹਿਰ ਤੋਂ ਨਾ ਕੋਈ ਰਵਾਨਗੀ ਦਾ ਸਮਾਂ ਪਾਇਆ ਸੀ ਤੇ ਨਾ ਆਪਣੀ ਵਾਪਸੀ ਆਮਦ ਦਰਜ ਕਰਵਾਈ। ਐੱਸ ਆਈ ਟੀ ਨੇ ਲੁਧਿਆਣਾ ਸਿਟੀ ਦੇ 182 ਮੁਲਾਜ਼ਮਾਂ ਨੂੰ ਜਾਂਚ ਦੌਰਾਨ ਪੁੱਛਗਿੱਛ ਵਿਚ ਸ਼ਾਮਲ ਕੀਤਾ ਤਾਂ ਉਨ੍ਹਾਂ ਸਾਰਿਆਂ ਨੇ ਇਕੋ ਗੱਲ ਕਹੀ ਕਿ 'ਉਮਰਾਨੰਗਲ ਸਰ ਦੇ ਹੁਕਮ ਸਨ'।

ਇਸ ਵੱਡੇ ਕਾਂਡ ਦੀ ਜਾਂਚ ਵਿਚ ਇਹ ਵੀ ਭੇਦ ਖੁੱਲ੍ਹਾ ਹੈ ਕਿ ਕੋਟਕਪੂਰਾ ਵਿੱਚ ਉਸ ਦਿਨ ਸਵੇਰੇ ਛੇ ਵਜੇ ਪੁਲਸ ਨੇ ਫਾਇਰਿੰਗ ਕੀਤੀ ਸੀ, ਪਰ ਲੁਧਿਆਣਾ ਸਿਟੀ ਤੋਂ ਆਈ ਪੁਲਸ ਚਾਰ ਵਜੇ ਤੜਕੇ ਹੀ ਕੋਟਕਪੂਰਾ ਪਹੁੰਚ ਗਈ ਸੀ। ਐੱਸ ਆਈ ਟੀ ਦੀ ਜਾਂਚ ਤੋਂ ਇਹ ਵੀ ਭੇਦ ਖੁੱਲ੍ਹਾ ਹੈ ਕਿ ਲੁਧਿਆਣਾ ਵਿਚ ਪੁਲਸ ਨੂੰ ਦਿਨ ਵੇਲੇ ਹੀ ਹੁਕਮ ਮਿਲ ਗਏ ਸਨ ਕਿ ਤੜਕੇ ਚਾਰ ਵਜੇ ਕੋਟਕਪੂਰਾ ਪਹੁੰਚਣਾ ਹੈ, ਇਸ ਦਾ ਅਰਥ ਹੈ ਕਿ ਫਾਇਰਿੰਗ ਕਰਨੀ ਪਹਿਲਾਂ ਹੀ ਤੈਅ ਸੀ। ਹਾਲੇ ਤਕ ਸਭ ਤੋਂ ਵੱਡੀ ਜਿਹੜੀ ਗੱਲ ਪਤਾ ਲੱਗੀ, ਉਹ ਇਹ ਹੈ ਕਿ ਬਹਿਬਲ ਕਲਾਂ ਅਤੇ ਕੋਟਕਪੂਰਾ ਫਾਇਰਿੰਗ ਵਿਚ ਸੰਗਤ ਨੇ ਪੁਲਸ ਨੂੰ ਨਹੀਂ ਸੀ ਭੜਕਾਇਆ, ਬਿਨਾਂ ਭੜਕਾਹਟ ਤੋਂ ਹੀ ਫਾਇਰਿੰਗ ਕੀਤੀ ਗਈ ਸੀ।

ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੇ ਉੱਪ ਮੁਖੀ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਇਸ ਦੀ ਪੁਸ਼ਟੀ ਕਰਦੇ ਹੋਏ ਕਿਹਾ ਹੈ ਕਿ ਜਾਂਚ ਵਿਚ ਇਹ ਗੱਲ ਸਾਹਮਣੇ ਨਹੀਂ ਆਈ ਕਿ ਸੰਗਤ ਨੇ ਪੁਲਸ ਉੱਤੇ ਹਮਲਾ ਕੀਤਾ ਹੋਵੇ, ਜਿਸ ਕਾਰਨ ਪੁਲਸ ਨੂੰ ਗੋਲੀ ਚਲਾਉਣੀ ਪਈ ਹੋਵੇ, ਇਹ ਬਿਨਾਂ ਭੜਕਾਹਟ ਤੋਂ ਕੀਤੀ ਗਈ ਜਾਪਦੀ ਹੈ।

ਨਾਜ਼ਕ ਪੜਾਅ ਉੱਤੇ ਪੁੱਜੀ ਇਸ ਜਾਂਚ ਵਿਚ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ ਦੇ ਨੇੜੇ ਮੰਨੇ ਜਾਂਦੇ ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾ ਅਤੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਦੀ ਗ੍ਰਿਫਤਾਰੀ ਪਿੱਛੋਂ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ ਦੁਆਲੇ ਵੀ ਘੇਰਾ ਕੱਸਣ ਲੱਗਾ ਹੈ ਤੇ ਚਰਚਾ ਹੈ ਕਿ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਅਤੇ ਉਸ ਦੇ ਪਿੱਛੋਂ ਐਡੀਸ਼ਨਲ ਡੀ ਜੀ ਪੀ ਜਤਿੰਦਰ ਜੈਨ ਤੱਕ ਗੱਲ ਸੀਮਤ ਨਹੀਂ ਰਹਿਣੀ, ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਉੱਤੇ ਵੀ ਸ਼ਿਕੰਜਾ ਕੱਸਿਆ ਜਾ ਸਕਦਾ ਹੈ ਤੇ ਇਨ੍ਹਾਂ ਤਿੰਨਾਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ। ਸੁਮੇਧ ਸਿੰਘ ਸੈਣੀ ਆਪਣੀ ਗ੍ਰਿਫਤਾਰੀ ਦੇ ਸ਼ੱਕ ਕਾਰਨ ਪਹਿਲਾਂ ਹੀ ਅਦਾਲਤ ਨੂੰ ਪਹੁੰਚ ਕਰ ਚੁੱਕੇ ਹਨ। ਐੱਸ ਆਈ ਟੀ ਇਨ੍ਹਾਂ ਤਿੰਨਾਂ ਵਿੱਚੋਂ ਕਿਸੇ ਨੂੰ ਕਿਸੇ ਵੇਲੇ ਵੀ ਗ੍ਰਿਫਤਾਰ ਕਰ ਸਕਦੀ ਹੈ।

ਜਾਣਕਾਰ ਉੱਚ ਪੱਧਰੀ ਸੂਤਰਾਂ ਅਨੁਸਾਰ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਇਹ ਪਤਾ ਲਾਉਣ ਜੁਟੀ ਹੋਈ ਹੈ ਕਿ ਸੰਗਤ ਉੱਤੇ ਫਾਇਰਿੰਗ ਦੌਰਾਨ ਉਮਰਾਨੰਗਲ ਮੋਬਾਈਲ ਫੋਨ ਉੱਤੇ ਕਿਸ ਨਾਲ ਗੱਲਬਾਤ ਕਰ ਰਿਹਾ ਸੀ, ਉਸ ਨੂੰ ਕੌਣ ਤੇ ਕਿਉਂ ਨਿਰਦੇਸ਼ ਦੇ ਰਿਹਾ ਸੀ। ਮੰਗਲਵਾਰ ਨੂੰ ਪੁਲਿਸ ਰਿਮਾਂਡ ਦੀ ਅਰਜ਼ੀ 'ਤੇ ਬਹਿਸ ਦੌਰਾਨ ਵਿਸ਼ੇਸ਼ ਜਾਂਚ ਟੀਮ ਅਤੇ ਸਰਕਾਰੀ ਧਿਰ ਦੇ ਵਕੀਲਾਂ ਨੇ ਦਾਅਵਾ ਕੀਤਾ ਸੀ ਕਿ ਉਮਰਾਨੰਗਲ ਨੇ ਮੁੱਢਲੀ ਜਾਂਚ ਵਿੱਚ ਮੰਨ ਲਿਆ ਹੈ ਕਿ ਗੋਲੀ ਚਲਾਉਣ ਦੇ ਹੁਕਮ ਉਸ ਵਕਤ ਡੀ ਜੀ ਪੀ ਸੁਮੇਧ ਸਿੰਘ ਸੈਣੀ ਨੇ ਦਿੱਤੇ ਸਨ। ਪੁਲਿਸ ਅਫਸਰਾਂ ਨੇ ਓਦੋਂ ਅਦਾਲਤ ਨੂੰ ਦੱਸਿਆ ਸੀ ਕਿ ਉਹ ਇਸ ਤੱਥ ਦੀ ਜਾਂਚ ਕਰ ਰਹੇ ਹਨ ਕਿ ਡੀ ਜੀ ਪੀ ਸੈਣੀ ਨੇ ਕਿਨ੍ਹਾਂ ਹਾਲਾਤ ਵਿੱਚ ਆਈ ਜੀ ਨੂੰ ਗੋਲੀ ਚਲਾਉਣ ਦੇ ਨਿਰਦੇਸ਼ ਦਿੱਤੇ ਸਨ, ਜਦੋਂ ਕਿ ਕੋਟਕਪੂਰਾ ਵਿੱਚ ਮਾਹੌਲ ਸ਼ਾਂਤੀ ਪੂਰਨ ਸੀ। ਪੁਲਿਸ ਸੂਤਰ ਦੱਸਦੇ ਹਨ ਕਿ ਕੋਟਕਪੂਰਾ ਗੋਲੀ ਕਾਂਡ ਵਿੱਚ ਸਾਬਕਾ ਡੀ ਜੀ ਪੀ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ, ਪਰ ਐੱਸ ਆਈ ਟੀ ਦੇ ਮੈਂਬਰ ਇਸ ਬਾਰੇ ਕੁਝ ਕਹਿਣ ਨੂੰ ਤਿਆਰ ਨਹੀਂ। ਐੱਸ ਆਈ ਟੀ ਇਕੋ ਸਵਾਲ ਪਹਿਲ ਦੇ ਆਧਾਰ ਉੱਤੇ ਕਰ ਰਹੀ ਹੈ ਕਿ ਲੁਧਿਆਣਾ ਸਿਟੀ ਪੁਲਸ ਦੇ ਕਮਿਸ਼ਨਰ ਪਰਮਰਾਜ ਸਿੰਘ ਉਮਰਾਨੰਗਲ ਨੂੰ ਕਿਸ ਨੇ ਕੋਟਕਪੂਰਾ ਭੇਜਿਆ ਸੀ। ਉਹ ਇਲਾਕਾ ਉਸ ਦੇ ਹੇਠ ਨਹੀਂ ਸੀ। ਫਿਰ ਉਹ ਕਿਸ ਵੱਡੀ ਸ਼ਖਸੀਅਤ ਦੇ ਹੁਕਮਾਂ ਉੱਤੇ ਲੁਧਿਆਣਾ ਤੋਂ ਏਨੀ ਜ਼ਿਆਦਾ ਪੁਲਸ ਲੈ ਕੇ ਕੋਟਕਪੂਰਾ ਉੱਡਦਾ ਗਿਆ ਸੀ।


AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ੁਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੁਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
- Real Estate
- Residential, Commercial, Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

# ਜਸਟਿਸ ਰਣਜੀਤ ਸਿੰਘ ਕੇਸ: ਸੁਖਬੀਰ ਤੇ ਮਜੀਠੀਆ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਨੋਟਿਸ ਜਾਰੀ

ਚੰਡੀਗੜ੍ਹ, 20 ਫਰਵਰੀ, (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਜਸਟਿਸ ਰਣਜੀਤ ਸਿੰਘ ਮਾਣਹਾਨੀ ਕੇਸ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ 25 ਮਾਰਚ ਲਈ ਕ੍ਰਿਮੀਨਲ ਨੋਟਿਸ ਜਾਰੀ ਕਰ ਦਿਤਾ ਹੈ। ਇਨ੍ਹਾਂ ਦੋਵਾਂ ਦੇ ਵਿਰੁੱਧ ਇਹ ਕਾਰਵਾਈ ਸੇਵਾਮੁਕਤ ਜਸਟਿਸ ਰਣਜੀਤ ਸਿੰਘ ਦੀ ਅਪਰਾਧਿਕ ਸ਼ਿਕਾਇਤ ਦੇ ਆਧਾਰ ਉਤੇ ਕੀਤੀ ਗਈ ਹੈ।



ਇਸ ਸੰਬੰਧ ਵਿੱਚ ਜਸਟਿਸ ਰਣਜੀਤ ਸਿੰਘ ਦੇ ਵਕੀਲ ਏ ਪੀ ਐਸ ਦਿਓਲ ਨੇ ਦੱਸਿਆ ਹੈ ਕਿ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦੋਵਾਂ ਨੂੰ 25 ਮਾਰਚ ਨੂੰ ਅਦਾਲਤ ਵਿਚ ਪੇਸ਼ ਹੋਣਾ ਹੋਵੇਗਾ। ਵਰਨਣ ਯੋਗ ਹੈ ਕਿ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੇ ਵੱਖੋ-ਵੱਖ ਪ੍ਰੈੱਸ ਕਾਨਫਰੰਸ ਕਰ ਕੇ ਅਤੇ ਕੁਝ ਟੀ ਵੀ ਚੈਨਲਾਂ ਨੂੰ ਦਿਤੇ ਇੰਟਰਵਿਊ ਦੌਰਾਨ ਸਾਬਕਾ ਜਸਟਿਸ ਰਣਜੀਤ ਸਿੰਘ ਅਤੇ ਉਨ੍ਹਾਂ ਦੀ ਅਗਵਾਈ ਹੇਠਲੇ ਇਕ ਮੈਂਬਰੀ ਕਮਿਸ਼ਨ ਵਿਰੁਧ ਇਤਰਾਜ਼ ਯੋਗ ਟਿੱਪਣੀਆਂ ਕੀਤੀਆਂ ਸਨ। ਸਾਬਕਾ ਜਸਟਿਸ ਰਣਜੀਤ ਸਿੰਘ ਨੇ ਉਨ੍ਹਾਂ ਹੀ ਟਿੱਪਣੀਆਂ ਦੇ ਕਾਰਨ ਸ਼ਿਕਾਇਤ ਕੀਤੀ ਸੀ। ਉਨ੍ਹਾਂ ਟਿੱਪਣੀਆਂ ਦੀ ਵੀਡੀਓਜ਼ ਦੀ ਜਾਂਚ ਕਰਨ ਤੋਂ ਬਾਅਦ ਦੋਵਾਂ ਨੂੰ ਨੋਟਿਸ ਜਾਰੀ ਹੋਏ ਹਨ।


ਵਰਨਣ ਯੋਗ ਹੈ ਕਿ ਸਾਲ 2015 ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਫਿਰ ਉਥੇ ਗੋਲੀ ਕਾਂਡ ਵਾਪਰੇ ਸਨ। ਉਨ੍ਹਾਂ ਘਟਨਾਵਾਂ ਦੀ ਜਾਂਚ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਕਾਇਮ ਕੀਤਾ ਸੀ। ਇਸ ਕਮਿਸ਼ਨ ਦੀ ਰਿਪੋਰਟ ਪਿਛਲੇ ਵਰ੍ਹੇ ਵਿਧਾਨ ਸਭਾ ਵਿਚ ਵੀ ਪੇਸ਼ ਕਰ ਦਿਤੀ ਗਈ ਸੀ। ਇਹ ਕਮਿਸ਼ਨ 14 ਅਪ੍ਰੈਲ 2017 ਨੂੰ ਬਣਾਇਆ ਗਿਆ ਅਤੇ 31 ਅਗਸਤ 2018 ਨੂੰ ਇਸ ਦੀ ਮਿਆਦ ਪੂਰੀ ਹੋ ਗਈ ਸੀ। ਇਸ ਦੇ ਖਿਲਾਫ ਇਨ੍ਹਾਂ ਦੋਵਾਂ ਦੀਆਂ ਟਿਪਣੀਆਂ ਦੇ ਕਾਰਨ ਹੀ ਜਸਟਿਸ ਰਣਜੀਤ ਸਿੰਘ ਨੇ ਇਹ ਸ਼ਿਕਾਇਤ ਕੀਤੀ ਸੀ ਅਤੇ ਦੋਵਾਂ ਨੂੰ ਨੋਟਿਸ ਜਾਰੀ ਹੋਏ ਹਨ।

# ਬ੍ਰਿਟੇਨ ਤੋਂ ਮੁਆਫੀ ਮੰਗਵਾਉਣ ਲਈ ਪੰਜਾਬ ਵਿਧਾਨ ਸਭਾ ਵੱਲੋਂ ਮਤਾ ਪਾਸ

## ਜਲ੍ਹਿਆਂਵਾਲਾ ਬਾਗ ਕਾਂਡ:

ਚੰਡੀਗੜ੍ਹ, 20 ਫਰਵਰੀ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਨੇ ਅੱਜ ਇੱਕ ਮਤਾ ਪਾਸ ਕਰ ਕੇ ਜਲ੍ਹਿਆਂਵਾਲਾ ਬਾਗ ਦੇ ਕਤਲੇਆਮ ਉੱਤੇ ਬ੍ਰਿਟਿਸ਼ ਸਰਕਾਰ ਵੱਲੋਂ ਮੁਆਫ਼ੀ ਮੰਗੇ ਜਾਣ ਦੀ ਮੰਗ ਕੀਤੀ ਹੈ। ਮਤੇ ਵਿਚ ਕਿਹਾ ਗਿਆ ਕਿ ਭਾਰਤ ਸਰਕਾਰ ਇਸ ਦੇ ਲਈ ਬ੍ਰਿਟਿਸ਼ ਸਰਕਾਰ ਉੱਤੇ ਦਬਾਅ ਬਣਾਵੇ। ਇਸ ਦੌਰਾਨ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਅਤੇ ਕੁਲਜੀਤ ਸਿੰਘ ਨਾਗਰਾ ਦੀ ਤਿੱਖੀ ਬਹਿਸ ਦੌਰਾਨ ਨਾਗਰਾ ਨੇ ਮਜੀਠੀਆ ਦੇ ਦਾਦੇ ਬਾਰੇ ਟਿੱਪਣੀ ਕਰ ਦਿੱਤੀ, ਜਿਸ ਕਾਰਨ ਇਨ੍ਹਾਂ ਦੋਵਾਂ ਦੀ ਆਪਸ ਵਿੱਚ ਤਿੱਖੀ ਝੜਪ ਵਰਗੀ ਬਹਿਸ ਵੀ ਹੋ ਗਈ ਸੀ।

ਅੱਜ ਵਿਧਾਨ ਸਭਾ ਵਿਚ ਪੇਸ਼ ਹੋਏ ਮਤੇ ਵਿਚ ਕਿਹਾ ਗਿਆ ਕਿ ਅੰਗਰੇਜ਼ ਸਰਕਾਰ ਦੇ ਪਾਸ ਕੀਤੇ ਰੌਲਟ ਐਕਟ ਦੇ ਵਿਰੋਧ ਵਿਚ 19 ਅਪ੍ਰੈਲ 1919 ਨੂੰ ਜਲ੍ਹਿਆਂਵਾਲਾ ਬਾਗ ਵਿਚ ਮੀਟਿੰਗ ਕਰਦੇ ਲੋਕਾਂ ਉੱਤੇ ਅੰਗਰੇਜ਼ ਅਫ਼ਸਰ



ਜਨਰਲ ਡਾਇਰ ਨੇ ਗੋਲੀਆਂ ਚਲਵਾਈਆਂ ਸਨ, ਜਿਸ ਵਿਚ 389 ਲੋਕਾਂ ਦੀ ਮੌਤ ਹੋ ਗਈ ਸੀ। ਇਸ ਕਤਲੇਆਮ ਤੇ ਜ਼ੁਲਮ ਲਈ ਬ੍ਰਿਟਿਸ਼ ਸਰਕਾਰ ਮੁਆਫ਼ੀ ਮੰਗੇ ਤੇ ਭਾਰਤ ਦੀ ਕੇਂਦਰ ਸਰਕਾਰ ਬ੍ਰਿਟਿਸ਼ ਸਰਕਾਰ ਉੱਤੇ ਇਸ ਜ਼ੁਲਮ ਦੀ ਮੁਆਫ਼ੀ ਮੰਗਣ ਲਈ ਦਬਾਅ ਬਣਾਵੇ। ਵਿਧਾਨ ਸਭਾ ਦੇ ਮੈਂਬਰਾਂ ਨੇ ਕਿਹਾ ਕਿ ਇਹ ਇਸ ਲਈ ਵੀ ਜ਼ਰੂਰੀ ਬਣ ਗਿਆ ਹੈ ਕਿ ਅਸੀਂ ਇਸ ਸਾਲ ਜਲ੍ਹਿਆਂਵਾਲਾ ਬਾਗ ਕਾਂਡ ਦੀ ਸ਼ਤਾਬਦੀ ਮਨਾਉਣ ਜਾ ਰਹੇ ਹਾਂ। ਇਸ ਮਤੇ ਨੂੰ ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਦੇ ਵਿਧਾਇਕਾਂ ਨੇ ਵੀ ਹਮਾਇਤ ਦਿੱਤੀ, ਪਰ ਮਤੇ ਉੱਤੇ ਬਹਿਸ ਦੌਰਾਨ ਅਕਾਲੀ ਦਲ ਦੇ ਬਿਰਕਮ ਸਿੰਘ ਮਜੀਠੀਆ ਦੀ ਆਮ ਆਦਮੀ ਪਾਰਟੀ ਦੇ ਕੁਲਤਾਰ ਸਿੰਘ ਸੰਧਵਾਂ ਅਤੇ ਕਾਂਗਰਸ ਦੇ ਕੁਲਜੀਤ ਸਿੰਘ ਨਾਗਰਾ ਨਾਲ ਤਿੱਖੀ ਬਹਿਸ ਹੋ ਗਈ। ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਜਨਰਲ ਡਾਇਰ ਨੂੰ ਖਾਣਾ ਖੁਆਇਆ ਸੀ, ਉਨ੍ਹਾਂ ਦੇ ਵਾਰਸਾਂ ਨੂੰ ਵੀ ਮੁਆਫ਼ੀ ਮੰਗ ਲੈਣੀ ਚਾਹੀਦੀ ਹੈ। ਉਸ ਨੇ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਦੇ ਦਾਦੇ ਨੇ ਜਨਰਲ ਡਾਇਰ ਨੂੰ ਖਾਣਾ ਖੁਆਇਆ ਸੀ। ਕਾਂਗਰਸ ਦੇ ਕੁਲਜੀਤ ਸਿੰਘ ਨਾਗਰਾ ਨੇ ਵੀ ਇਹ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਦੇ ਦਾਦੇ ਨੇ ਇਸ ਖ਼ੂਨੀ ਕਾਂਡ ਤੋਂ ਬਾਅਦ ਜਨਰਲ ਡਾਇਰ ਨੂੰ ਖਾਣਾ ਖੁਆਇਆ ਸੀ ਅਤੇ ਬਿਕਰਮ ਸਿੰਘ ਮਜੀਠੀਆ ਵੀ ਆਪਣੇ ਵੱਡਿਆਂ ਦੇ ਕੀਤੇ ਗੁਨਾਹ ਦੀ ਮੁਆਫ਼ੀ ਮੰਗਣ। ਇਸ ਉੱਤੇ ਮਜੀਠੀਆ ਨੇ ਕਿਹਾ ਕਿ ਨਾਗਰਾ ਨੂੰ ਕਿਵੇਂ ਪਤਾ ਲੱਗਾ ਕਿ ਮੇਰੇ ਦਾਦਾ ਨੇ ਜਨਰਲ ਡਾਇਰ ਨੂੰ ਖਾਣਾ ਖੁਆਇਆ ਸੀ, ਕੀ ਨਾਗਰਾ ਖਾਣਾ ਪਰੋਸ ਰਹੇ ਸਨ।

# ਗੁਰਦਿਆਲ ਸਿੰਘ ਖੰਘੂੜਾ ਦਾ ਅੰਤਮ ਸੰਸਕਾਰ 24 ਫਰਵਰੀ ਦਿਨ ਐਤਵਾਰ ਨੂੰ

ਬਰੈਂਪਟਨ ਪੋਸਟ ਬਿਉਰੋ: ਬਰੈਂਪਟਨ ਨਿਵਾਸੀ ਗੁਰਦਿਆਲ ਸਿੰਘ ਖੰਘੂੜਾ ਦੇ ਅੰਤਮ ਸੰਸਕਾਰ ਅਤੇ ਅੰਤਮ ਅਰਦਾਸ ਦੀਆਂ ਰਸਮਾਂ 24 ਫਰਵਰੀ ਦਿਨ ਐਤਵਾਰ ਨੂੰ ਹੋਣਗੀਆਂ। ਉਹਨਾਂ ਦਾ 16 ਫਰਵਰੀ 2019 ਨੂੰ ਲੰਬੀ ਬਿਮਾਰੀ ਤੋਂ ਉਪਰੰਤ ਦਿਹਾਂਤ ਹੋ ਗਿਆ ਸੀ। ਪੰਜਾਬ ਵਿੱਚ ਕਿਲਾ ਰਾਏ-ਪੁਰ ਜਿਲਾ ਲੁਧਿਆਣਾ ਨਾਲ ਸਬੰਧਿਤ ਸਵਰਗਵਾਸੀ ਸ੍ਰੀ ਖੰਘੂੜਾ ਦਾ ਜਨਮ 27 ਨਵੰਬਰ 1945 ਨੂੰ ਹੋਇਆ ਸੀ। ਉਹ ਆਪਣੇ ਪਿੱਛੇ ਪਤਨੀ ਕੁਲਦੀਪ ਕੌਰ ਖੰਘੂੜਾ, ਬੇਟਾ ਅਵਤਾਰ ਸਿੰਘ ਅਤੇ ਬੇਟੀ ਸਰਬਜੀਤ ਕੌਰ ਲੈਹਰ ਛੱਡ ਗਏ ਹਨ।

ਸਵਰਗਵਾਸੀ ਸ੍ਰੀ ਖੰਘੂੜਾ ਦਾ ਅੰਤਮ ਸੰਸਕਾਰ ਬਰੈਂਪਟਨ ਕਰੈਮੇਟੋਰੀਅਮ ਅਤੇ ਵਿਜ਼ੀਟੇਸ਼ਨ ਸੈਂਟਰ ਵਿਖੇ ਦੁਪਿਹਰ 12 ਵਜੇ ਤੋਂ ਬਾਅਦ ਦੁਪਿਹਰ 2 ਵਜੇ ਤੱਕ ਹੋਵੇਗਾ। ਉਹਨਾਂ ਨਮਿੱਤ ਅੰਤਮ ਅਰਦਾਸ




ਇਸੇ ਦਿਨ 99 ਗਲਿਡਨ ਰੋਡ ਬਰੈਂਪਟਨ ਉੱਤੇ ਸਥਿਤ ਸ੍ਰੀ ਗੁਰੂ ਨਾਨਕ ਸਿੱਖ ਸੈਂਟਰ ਵਿਖੇ ਬਾਅਦ ਦੁਪਿਹਰ 2.30 ਵਜੇ ਤੋਂ 4.30 ਵਜੇ ਤੱਕ ਹੋਵੇਗੀ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਵਧੇਰੇ ਜਾਣਕਾਰੀ ਲਈ ਅਵਤਾਰ ਸਿੰਘ (647-280-9497) ਜਾਂ ਸਰਬਜੀਤ ਕੌਰ ਲੈਹਰ (647-274-9041) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸੁਪਰੀਮ ਕੋਰਟ ਵਿੱਚ ਅਯੁੱਧਿਆ ਕੇਸ ਦੀ ਸੁਣਵਾਈ 26 ਤੋਂ

ਨਵੀਂ ਦਿੱਲੀ, 20 ਫਰਵਰੀ, (ਪੋਸਟ ਬਿਊਰੋ)- ਅਯੁੱਧਿਆ ਦੇ ਰਾਮ ਜਨਮ ਭੂਮੀ ਅਤੇ ਬਾਬਰੀ ਮਸਜਿਦ ਵਾਲੇ ਵਿਵਾਦਤ ਢਾਂਚੇ ਵਾਲੀ ਜ਼ਮੀਨ ਬਾਰੇ ਸੁਣਵਾਈ ਸੁਪਰੀਮ ਕੋਰਟ ਨੇ 26 ਫਰਵਰੀ ਨੂੰ ਕਰਨੀ ਤੈਅ ਕੀਤੀ ਹੈ। ਇਹ ਸੁਣਵਾਈ ਜੱਜਾਂ ਦੀ ਪੰਜ ਮੈਂਬਰੀ ਸੰਵਿਧਾਨਕ ਬੈਂਚ ਕਰੇਗੀ, ਜਿਸ ਵਿੱਚ ਚੀਫ ਜਸਟਿਸ ਰੰਜਨ ਗੋਗੋਈ ਨਾਲ ਜਸਟਿਸ ਐੱਸ ਏ ਬੋਬਦੇ, ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਅਸ਼ੋਕ ਭੂਸ਼ਣ ਅਤੇ ਜਸਟਿਸ ਐੱਸ ਏ ਨਜ਼ੀਰ ਸ਼ਾਮਲ ਹੋਣਗੇ।



ਇਸ ਸੰਬੰਧ ਵਿੱਚ ਸੁਪਰੀਮ ਕੋਰਟ ਰਜਿਸਟਰੀ ਵੱਲੋਂ ਜਾਰੀ ਹੋਏ ਤਾਜ਼ਾ ਨੋਟਿਸ ਦੇ ਮੁਤਾਬਕ ਅਯੁੱਧਿਆ ਵਿਵਾਦ ਨਾਲ ਜੁੜੀਆਂ ਸਾਰੀਆਂ ਪਟੀਸ਼ਨਾਂ ਉੱਤੇ 26 ਫਰਵਰੀ ਨੂੰ ਸੁਣਵਾਈ ਹੋਵੇਗੀ। ਮੁੱਖ ਕੇਸਾਂ ਦੇ ਨਾਲ ਸੰਵਿਧਾਨਕ ਬੈਂਚ ਇਸ ਮੁੱਦੇ ਨਾਲ ਜੁੜੇ ਹੋਰ ਮਾਮਲਿਆਂ ’ਚ ਦਾਇਰ ਵੱਖ-ਵੱਖ ਪਟੀਸ਼ਨਾਂ ’ਤੇ ਵੀ ਸੁਣਵਾਈ ਕਰੇਗੀ। ਇਸ ਕੇਸ ਦੀ ਸੁਣਵਾਈ 27 ਜਨਵਰੀ ਨੂੰ ਹੋਣੀ ਸੀ, ਪ੍ਰੰਤੂ ਜਸਟਿਸ ਬੋਬਦੇ ਦੀ ਗ਼ੈਰ-ਹਾਜ਼ਰੀ ਕਾਰਨ ਸੁਪਰੀਮ ਕੋਰਟ ਨੇ ਸੁਣਵਾਈ 29 ਜਨਵਰੀ ਲਈ ਮੁਲਤਵੀ ਕਰ ਦਿੱਤੀ ਸੀ। 29 ਜਨਵਰੀ ਨੂੰ ਕੇਂਦਰ ਸਰਕਾਰ ਨੇ ਇੱਕ ਪਟੀਸ਼ਨ ਦਾਇਰ ਕਰ ਕੇ ਸੁਪਰੀਮ ਕੋਰਟ ਤੋਂ ਸਾਲ 2003 ਦੇ ਆਪਣੇ ਆਦੇਸ਼ ਵਿਚ ਸੋਧ ਕਰਨ ਅਤੇ ਵਿਵਾਦਤ ਜ਼ਮੀਨ ਦੇ ਆਸਪਾਸ ਦੀ 67 ਏਕੜ ਗ਼ੈਰ-ਵਿਵਾਦਤ ਐਕਵਾਇਰ ਕੀਤੀ ਹੋਈ ਜ਼ਮੀਨ ਉਸ ਦੇ ਅਸਲ ਮਾਲਕਾਂ ਨੂੰ ਵਾਪਸ ਦੇਣ ਦੀ ਇਜਾਜ਼ਤ ਮੰਗੀ ਸੀ, ਜਿਸ ਪਿੱਛੋਂ ਇਸ ਕੇਸ ਦੀ ਸੁਣਵਾਈ 26 ਫਰਵਰੀ ਤਕ ਮੁਲਤਵੀ ਕਰ ਦਿੱਤੀ ਗਈ ਸੀ।

ਵਰਨਣ ਯੋਗ ਹੈ ਕਿ ਇਲਾਹਾਬਾਦ ਹਾਈ ਕੋਰਟ ਦੇ 2010 ਦੇ ਆਦੇਸ਼ ਦੇ ਖ਼ਿਲਾਫ਼ ਸੁਪਰੀਮ ਕੋਰਟ ਵਿੱਚ ਇਸ ਕੇਸ ਬਾਰੇ 14 ਅਪੀਲਾਂ ਦਾਇਰ ਕੀਤੀਆਂ ਗਈਆਂ ਹਨ, ਜਿਨ੍ਹਾਂ ਦੀ ਸੁਣਵਾਈ 26 ਫਰਵਰੀ ਨੂੰ ਹੋਣੀ ਹੈ।

# ਪੂਤਿਨ ਵੱਲੋਂ ਦਬਕਾ: ਯੂਰਪ ਵਿੱਚ ਐਟਮੀ ਮਿਜ਼ਾਈਲਾਂ ਬੀੜੀਆਂ ਤਾਂ ਅਸੀਂ ਵੀ ਅਮਰੀਕਾ ਨੂੰ ਨਿਸ਼ਾਨਾ ਬਣਾਵਾਂਗੇ

ਮਾਸਕੋ, 20 ਫਰਵਰੀ, (ਪੋਸਟ ਬਿਊਰੋ)- ਸੰਸਾਰ ਦੀਆਂ ਦੋ ਮਹਾਂ ਸ਼ਕਤੀਆਂ ਰੂਸ ਅਤੇ ਅਮਰੀਕਾ ਵਿਚਾਲੇ ਖਿੱਚੋਤਾਣ ਇੱਕ ਵਾਰ ਫਿਰ ਵਧ ਗਈ ਹੈ। ਅੱਜ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਹਿ ਦਿੱਤਾ ਹੈ ਕਿ ਜੇ ਅਮਰੀਕਾ ਨੇ ਯੂਰਪ ਵਿਚ ਕਿਸੇ ਵੀ ਤਰ੍ਹਾਂ ਦੇ ਐਟਮੀ ਹਥਿਆਰ ਬੀੜਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਖਮਿਆਜ਼ਾ ਭੁਗਤਣਾ ਪਵੇਗਾ। ਇਸ ਹਾਲਤ ਵਿਚ ਅਮਰੀਕਾ ਦੇ ਨਾਲ ਉਨ੍ਹਾਂ ਦੇਸ਼ਾਂ ਉੱਤੇ ਵੀ ਰੂਸ ਹਮਲੇ ਕਰੇਗਾ, ਜਿੱਥੇ ਹਥਿਆਰ ਬੀੜੇ ਜਾਣਗੇ।



ਵਰਨਣ ਯੋਗ ਹੈ ਕਿ ਬੀਤੇ ਨੇੜਲੇ ਦਿਨਾਂ ਵਿਚ ਰੂਸ ਅਤੇ ਅਮਰੀਕਾ ਦੇ ਸਬੰਧਾਂ ਦਾ ਤਣਾਅ ਵਧ ਗਿਆ ਹੈ। ਇਸੇ ਕਾਰਨ ਦੋਵੇਂ ਦੇਸ਼ਾਂ ਨੇ ਇੰਟਰਮੀਡੀਅਟ-ਰੇਂਜ ਨਿਊਕਲੀਅਰ ਫੋਰਸਿਜ਼ ਟ੍ਰੀਟੀ (ਆਈ ਐੱਨ ਐੱਫ) ਨੂੰ ਰੱਦ ਕਰ ਦਿੱਤਾ ਹੈ। ਸਾਲ 1987 ਵਿਚ ਹੋਏ ਇਸ ਸਮਝੌਤੇ ਹੇਠ ਦੋਵੇਂ ਦੇਸ਼ 500 ਤੋਂ 5,500 ਕਿਲੋਮੀਟਰ ਦੀ ਰੇਂਜ ਵਾਲੇ ਐਟਮੀ ਹਥਿਆਰਾਂ ਨੂੰ ਖ਼ਤਮ ਕਰਨ ਉੱਤੇ ਸਹਿਮਤ ਹੋਏ ਸਨ। ਅਮਰੀਕਾ ਲੰਬੇ ਸਮੇਂ ਤੋਂ ਰੂਸ ਉੱਤੇ ਇਸ ਸਮਝੌਤੇ ਦੀ ਉਲੰਘਣਾ ਕਰਨ ਦਾ ਦੋਸ਼ ਲਾ ਰਿਹਾ ਸੀ। ਇਸ ਸਮਝੌਤੇ ਨੂੰ ਰੱਦ ਕਰਨ ਪਿੱਛੋਂ ਅਮਰੀਕਾ ਨੇ ਇਹ ਵੀ ਧਮਕੀ ਦਿੱਤੀ ਸੀ ਕਿ ਜੇ ਰੂਸ ਆਪਣੀਆਂ ਕਰੂਜ਼ ਮਿਜ਼ਾਈਲਾਂ ਨੂੰ ਨਸ਼ਟ ਨਹੀਂ ਕਰਦਾ ਤਾਂ ਅਮਰੀਕਾ ਆਈ ਐੱਨ ਐੱਫ ਨੂੰ ਰੱਦ ਕਰ ਦੇਵੇਗਾ।

ਰੂਸ ਦੇ ਸਿਆਸੀ ਮਾਹਰਾਂ ਨਾਲ ਗੱਲਬਾਤ ਦੌਰਾਨ ਅੱਜ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ, ‘ਅਸੀਂ ਇਹ ਪਹਿਲ ਨਹੀਂ ਕਰਾਂਗੇ, ਪਰ ਜੇ ਅਮਰੀਕਾ ਮਿਜ਼ਾਈਲਾਂ ਬੀੜੇਗਾ ਤਾਂ ਕਰਾਰਾ ਜਵਾਬ ਦਿੱਤਾ ਜਾਵੇਗਾ। ਅਮਰੀਕਾ ਨੂੰ ਆਉਂਦੇ ਖ਼ਤਰੇ ਦਾ ਅਨੁਮਾਨ ਲਾ ਕੇ ਕੋਈ ਕਦਮ ਚੁੱਕਣਾ ਚਾਹੀਦਾ ਹੈ।’ ਪੂਤਿਨ ਨੇ ਇਹ ਵੀ ਕਿਹਾ ਕਿ ਰੂਸ ਅਮਰੀਕਾ ਨਾਲ ਸਬੰਧ ਸੁਧਾਰਨਾ ਚਾਹੁੰਦਾ ਹੈ, ਪਰ ਉਹ ਉਸ ਦੇ ਹਰ ਕਦਮ ਦਾ ਜਵਾਬ ਦੇਣ ਨੂੰ ਵੀ ਤਿਆਰ ਹੈ। ਆਪਣੇ ਦੇਸ਼ ਵਿਚ ਬਣ ਰਹੀਆਂ ਮਿਜ਼ਾਈਲਾਂ ਤੇ ਹਥਿਆਰਾਂ ਬਾਰੇ ਪੂਤਿਨ ਨੇ ਕਿਹਾ, ‘ਅਮਰੀਕਾ ਨੂੰ ਉਨ੍ਹਾਂ ਹਥਿਆਰਾਂ ਦੀ ਰਫ਼ਤਾਰ ਅਤੇ ਮਾਰਕ ਸਮਰੱਥਾ ਦਾ ਅੰਦਾਜ਼ਾ ਵੀ ਨਹੀਂ ਹੈ।’

# ਨਿਊਜ਼ੀਲੈਂਡ ਸਰਕਾਰ ਇੰਟਰਨੈਟ ਕੰਪਨੀਆਂ ਨੂੰ ਨਵੇਂ ਟੈਕਸ ਦੇ ਘੇਰੇ ਵਿਚ ਲਿਆਏਗੀ

ਔਕਲੈਂਡ 20 ਫਰਵਰੀ (ਹਰਜਿੰਦਰ ਸਿੰਘ ਬਸਿਆਲਾ)-1996 'ਚ ਜਨਮਿਆ ਗੂਗਲ ਅਤੇ 2003-04 ਦੇ ਵਿਚ ਜਨਮੀ ਫੇਸਬੁੱਕ ਇਸ ਵੇਲੇ ਕ੍ਰਮਵਾਰ 136 ਅਤੇ 65 ਬਿਲੀਅਨ ਅਮਰੀਕੀ ਡਾਲਰ ਦੀ ਸਲਾਨਾ ਕਮਾਈ ਕਰ ਰਹੇ ਹਨ। ਟਵੀਟਰ ਦੀ ਵੀ ਵੱਡੀ ਬਿਲੀਅਨ ਡਾਲਰ ਦੇ ਵਿਚ ਕਮਾਈ ਹੈ। ਬਹੁਤ ਸਾਰੇ ਦੇਸ਼ਾਂ ਦੇ ਵਿਚ ਇਨ੍ਹਾਂ ਵੱਡੀਆਂ ਕੰਪਨੀਆਂ ਨੂੰ ਉਥੇ ਵਪਾਰ ਕਰਨ ਦੇ ਲਈ ਟੈਕਸ ਪ੍ਰਣਾਲੀ ਦੇ ਵਿਚ ਸ਼ਾਮਿਲ ਕਰਨ ਦੀਆਂ ਕਾਰਵਾਈਆਂ ਜਾਰੀ ਹਨ ਅਤੇ ਕਈ ਦੇਸ਼ ਟੈਕਸ ਲੈ ਵੀ ਰਹੇ ਹਨ। ਹੁਣ ਨਿਊਜ਼ੀਲੈਂਡ ਸਰਕਾਰ ਨੇ ਵੀ ਇਨ੍ਹਾਂ ਵੱਡੀਆਂ ਕੰਪਨੀਆਂ ਨੂੰ ਸੰਕੇਤ ਦੇ ਦਿੱਤਾ ਹੈ ਕਿ ਉਨ੍ਹਾਂ ਨੂੰ ਬਣਦਾ ਟੈਕਸ ਦੇਣਾ ਚਾਹੀਦਾ ਹੈ ਅਤੇ ਇਸ ਸਬੰਧੀ ਤਿਆਰੀਆਂ ਜਾਰੀ ਹਨ। ਗੱਲ ਕੀ ਹੁਣ ਅਜਿਹੀਆਂ ਕੰਪਨੀਆਂ ਨੂੰ ਫੇਸਬੁੱਕ ਦੇ ਨਾਲ ਟੈਕਸਬੁੱਕ ਵੀ ਰੱਖਣੀ ਪਏਗੀ। ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਜੈਸਿੰਡਾ ਅਰਡਨ ਨੇ ਇਸ ਸਬੰਧੀ ਮੀਡੀਆ ਨੂੰ ਜਾਣਕਾਰੀ ਦਿੱਤੀ। ਪਾਰਲੀਮੈਂਟ ਦੇ ਵਿਚ ਇਸ ਉਤੇ ਸਹਿਮਤੀ ਬਣਾਈ ਜਾ ਰਹੀ ਹੈ ਅਤੇ ਸਾਰਾ ਢਾਂਚਾ ਤਿਆਰ ਕੀਤਾ ਜਾ ਰਿਹਾ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਸ਼ੁਰੂ ਦੇ ਵਿਚ 2 ਜਾਂ 3% ਟੈਕਸ ਲਗਾਇਆ ਜਾ ਸਕਦਾ ਹੈ। ਇਸ ਹਿਸਾਬ ਦੇ ਨਾਲ ਹੀ ਸਰਕਾਰ ਨੂੰ 30 ਤੋਂ 80 ਮਿਲੀਅਨ ਡਾਲਰ ਦਾ ਫਾਇਦਾ ਹੋ ਸਕਦਾ ਹੈ। ਇਸ ਵੇਲੇ ਵੱਡੀਆਂ ਕੰਪਨੀਆਂ ਸ਼ੋਸ਼ਲ ਮੀਡੀਆ ਨੈਟਵਰਕ, ਟ੍ਰੇਡਿੰਗ ਪਲੇਟਫਾਰਮ ਅਤੇ ਆਨਲਾਈਨ ਐਡਵਰਟਾਈਜਿੰਗ ਤੋਂ ਚੋਖੀ ਕਮਾਈ ਕਰ ਰਹੀਆਂ ਹਨ ਪਰ ਉਨ੍ਹਾਂ ਨੂੰ ਕੋਈ ਟੈਕਸ ਦੇਣਦਾਰੀ ਨਹੀਂ ਕਰਨੀ ਪੈ ਰਹੀ। ਇਹ ਗੱਲ ਸਰਕਾਰ ਦੇ ਲਈ ਹੁਣ ਚੁੱਭਵੀਂ ਹੋ ਰਹੀ ਹੈ ਅਤੇ ਟੈਕਸ ਦੀ ਤਿਆਰੀ ਕੀਤੀ ਜਾ ਰਹੀ ਹੈ। ਨਿਊਜ਼ੀਲੈਂਡ ਤੋਂ ਲਗਪਗ 2.7 ਬਿਲੀਅਨ ਦਾ ਵਪਾਰ ਬਾਰਡਰ ਤੋਂ ਪਾਰ ਦਾ ਇੰਟਰਨੈਟ ਜ਼ਰੀਏ ਹੁੰਦਾ ਹੈ। ਇਸ ਟੈਕਸ ਲਈ ਕਈ ਹੋਰ ਦੇਸ਼ ਵੀ ਇਕਮੁੱਠਤਾ ਦਿਖਾ ਰਹੇ ਹਨ। ਪਹਿਲੇ ਗੇੜ ਦੇ ਵਿਚ ਇਹ ਰਾਹਤ ਭਰਿਆ ਟੈਕਸ ਹੋਵੇਗਾ ਅਤੇ ਫਿਰ ਵਿਸ਼ਵ ਪੱਧਰ ਦੀ ਪ੍ਰਣਾਲੀ ਨੂੰ ਵੇਖ ਕੇ ਉਸ ਉਤੇ ਕੰਮ ਕੀਤਾ ਜਾਵੇਗਾ। ਮਈ ਮਹੀਨੇ ਇਸ ਸਬੰਧੀ ਸਾਰੀ ਤਸਵੀਰ ਸਾਹਮਣੇ ਆਵੇਗੀ। ਨੈਟਫਲਿਕਸ ਟੈਕਸ ਅਕਤੂਬਰ 2016 ਤੋਂ ਲਾਗੂ ਹੋ ਚੁੱਕਾ ਹੈ ਤੇ ਕੰਪਨੀ ਜੀ. ਐਸ. ਟੀ. ਅਦਾ ਕਰਦੀ ਹੈ। ਅਕਤੂਬਰ 2019 ਦੇ ਵਿਚ ਐਮਾਜ਼ੋਨ ਟੈਕਸ ਵੀ ਲਾਗੂ ਕੀਤਾ ਜਾ ਰਿਹਾ ਹੈ।

ਕਈ ਵਿਦੇਸ਼ੀ ਕੰਪਨੀਆਂ ਆਪਣਾ ਸਮਾਨ ਵੀ ਇਥੇ ਮੁਹੱਈਆ ਕਰਦੀਆਂ ਹਨ। ਸਰਕਾਰ ਦੀ ਇਕ ਕਮਿਊਨੀਕੇਸ਼ਨ ਸਕਿਊਰਿਟੀ ਬਿਓਰੋ ਨੇ ਚਾਈਨਾ ਦੀ ਇਕ ਕੰਪਨੀ ਤੋਂ ਸਪਾਰਕ ਨੂੰ ਸਾਮਾਨ ਖਰੀਦਣ ਤੋਂ ਵੀ ਮਨ੍ਹਾ ਕਰ ਦਿੱਤਾ ਹੈ ਅਤੇ ਜਿਸ ਨਾਲ ਸਕਿਉਰਿਟੀ ਰਿਸਕ ਹੋ ਸਕਦਾ ਹੈ।

# ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਵਸ 24 ਫਰਵਰੀ ਨੂੰ

ਸ੍ਰੀ ਗੁਰੂ ਰਵਿਦਾਸ ਸਭਾ ਬਰੈਂਮਪਟਨ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਵਸ 24 ਫਰਵਰੀ ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਸ੍ਰੀ ਗੁਰੂ ਰਵਿਦਾਸ ਸਭਾ ਬਰੈਂਮਪਟਨ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ 24 ਫ਼ਰਵਰੀ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋ ਬਾਅਦ ਦੁਪਹਿਰ 3 ਵਜੇ ਤਕ Shrengery Community Center 84 Brydon Dr. Etobicoke ( Kipling and Rexdale) ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅਤੇ ਰਹਿਨੁਮਾਈ ਵਿੱਚ ਮਨਾਇਆ ਜਾ ਰਿਹਾ ਹੈ, ਜਿਸ ਵਿੱਚ ਪ੍ਰਸਿੱਧ ਕੀਰਤਨੀ ਅਤੇ ਢਾਡੀ ਜਥੇ ਆਪਣੀ ਹਾਜ਼ਰੀ ਭਰਨਗੇ, ਸਾਰਾ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਆਪ ਸਭ ਨੂੰ ਇਸ ਪਵਿੱਤਰ ਦਿਨ ਤੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ ਹੋਰ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ। ਮੀਲਾ ਸਿੰਘ ਬਾਲੂ 647 400 8796, ਨਿਰਮਲ ਸਿੰਘ ਸੱਲਣ 647 242 9302, ਹਰਮੇਸ਼ ਸਿੰਘ 416 830 6821

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

“Quality is our strength.”
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Daljit Singh
308 Rutherford Road Brampton
905-874-9878
Inderjit Singh
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca

Paramjit Deol Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

Business for Sale

TORONTO $99,000 — 2481 Lakeshore Blvd W.: ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰਾਂਟ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,600 ਅਤੇ ਸੇਲ $7,000 ਪ੍ਰਤੀ ਹਫ਼ਤਾ,ਕਈ ਸਾਲਾਂ ਤੋ ਚਲ ਰਿਹਾ, ਵਧੀਆ ਪਲਾਜ਼ੇ ਚ ਤੇ ਹੋਰ ਵੀ ਬਹੁਤ ਕੁਝ।

TORONTO $140,000 — 1051 Midland Ave : ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ ਪਿਜ਼ਾ ਸ਼ਾਪ ਜਿਸ ਦੀ ਆਮਦਨ $15,000/ਮਹੀਨਾ, ਬਹੁਤ ਹੀ ਘੱਟ ਰੈਂਟ ਸਿਰਫ $1,525/ਮਹੀਨਾ, ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

TORONTO $69,000 — 256 Brownsline Rd : ਬਹੁਤ ਹੀ ਵਧੀਆ ਚੱਲ ਰਿਹਾ ਵੀਅਤਨਾਮੀ ਤੇ ਥਾਈ ਰੈਸਟੋਰੈਂਟ, ਡੌਂਗ ਜੀਆ ਸੇਲ ਤੇ, ਵਧੀਆ ਲੋਕੇਸ਼ਨ, ਹਾਈ ਟ੍ਰੈਫਿਕ ਫਲੋਂ, ਬਹੁਤ ਹੀ ਘੱਟ ਰੈਂਟ, $1,800 ਪ੍ਰਤੀ ਮਹੀਨਾ। ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $54,900 — 255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਐਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $199,000 — 8770 Gore Rd 6: ਬਹੁਤ ਹੀ ਵਧੀਆ ਚਲ ਰਿਹਾ ਸ੍ਰੀ ਲਨਕਣ ਤੇ ਇੰਡੀਅਣ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $30000 ਤੋਂ ਵੱਧ ਸੇਲ, ਬਹੁਤ ਹੀ ਘੱਟ ਰੈਂਟ ਸਿਰਫ $3575/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

MISSISSAUGA $159,900 — 2960 Drew Rd E 137: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $50,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $3051, ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

BRAMPTON $240,000 — 15 Ashby Field Rd 9: ਲੰਘ ਗਿਆ ਸਮਾਂ ਹੱਥ ਨਹੀ ਆਉਣਾ, ਬਹੁਤ ਹੀ ਵਧੀਆ ਚੱਲ ਰਹੀ ਪਿਜ਼ਾ ਸ਼ਾਪ, ਹਾਈ ਟ੍ਰੈਫਿਕ ਫਲੋਂ, ਘਰਾਂ ਦੇ ਨੇੜੇ, ਅੱਜ ਹੀ ਕਾਲ ਕਰੋ।

BRAMPTON $369,000 — 15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜ਼ੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

House for Sale

BRANTFORD $525,000 — 118&120 Morrell St: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਅਪਾਰਟਮੈਂਟ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON $349,000 — 4 Kings Cross Rd : ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 1+1 ਬੈਡਰੂਮ ਅਤੇ 1 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ। ਮਾਡਰਨ ਕਿਚਨ, ਬਰੈਮਲੀ ਸਿਟੀ ਸੈਂਟਰ ਦੇ ਨੇੜੇ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $699,900 — 3328 Victoria Ave.: ਬਹੁਤ ਹੀ ਵਧੀਆ ਤੇ ਸਾਫ ਸੁਥਰਾ 3+1 ਬੈਡਰੂਮ ਅਤੇ 3 ਵਾਸ਼ਰੂਮ ਘਰ, ਹਾਰਡਵੁਡ ਫਲੌਰ, ਫਿਨੀਸ਼ਡ ਬੈਸਮੈਂਟ, ਸੇਪਰੇਟ ਕਿਚਨ ਅਤੇ ਹੋਰ ਵੀ ਬਹੁਤ ਕੁਝ।

BRAMPTON $789,000 — 29 Larkspur Rd.: ਬਹੁਤ ਹੀ ਸੋਹਣਾ 3+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ,ਮਾਸਟਰ ਬੈਡਰੂਮ ਨੂੰ 5 ਪਿਸ ਇੰਨ ਸੂਟ, ਫਿਨਿਸ਼ਡ ਬੇਸਮੈਂਟ, ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।

BRAMPTON $179,000 — 384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੁਡ ਫਲੌਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

TORONTO $899,000 — Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $910,000 — 18 Berwick Ave: ਬਹੁਤ ਹੀ ਸਾਫ ਸੁਥਰਾ 4+2 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਰੈਨੋਵੇਟਡ ਘਰ, ਹਾਰਡਵੁਡ ਫਲੌਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999 — Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੁਡ ਫਲੌਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

*Canadian punjabi post assumes no responsibility for the accuracy of any information shown. Copyright Ppost 2019

## ਕੈਨੇਡਾ 'ਚ ਪੜ੍ਹ ਰਹੇ ਪੰਜਾਬੀ ਵਿਦਿਆਰਥੀਆਂ ਦੀ ਜਿੰਦਗੀ 'ਤੇ ਫਿਲਮ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਕਨੇਡਾ ਵਿਚ ਪੜ੍ਹ ਰਹੇ ਪੰਜਾਬੀ ਵਿਦਿਆਰਥੀਆਂ ਦੀ ਜਿੰਦਗੀ ਤੇ ਜੀ ਡੀ ਫਿਲਮ ਪ੍ਰੋਡੱਕਸ਼ਨ ਅਤੇ ਮੋਗਾ ਫਿਲਮ ਸਟੂਡੀਓ ਵਲੋਂ ਹਾਸੇ ਮਖੌਲ ਨਾਲ ਭਰਪੂਰ ਇੱਕ ਫਿਲਮ ਬਣਾਈ ਜਾ ਰਹੀ ਹੈ, ਜੋ ਉਨ੍ਹਾਂ ਦੀਆਂ ਨਿੱਤ ਪ੍ਰਤੀ ਦਿਨ ਦੀਆਂ ਮੁਸ਼ਕਲਾਂ, ਖੁਸ਼ੀਆਂ ਤੇ ਗਮੀਆਂ ਦੀ ਗੱਲ ਕਰੇਗੀ। ਬੀਤੇ ਦਿਨੀ ਇਸ ਫਿਲਮ ਦੇ ਕਲਾਕਾਰਾਂ ਦੀ ਚੋਣ ਲਈ ਬਾਲੀਵੁੱਡ ਦੇ ਪ੍ਰਸਿੱਧ ਫਿਲਮ ਨਿਰਦੇਸ਼ਕ ਸ਼ਿਵਮ ਵਰਮਾ ਦੀ ਅਗਵਾਈ ਹੇਠ ਜੀ ਡੀ ਫਿਲਮ ਪ੍ਰੋਡੱਕਸ਼ਨ ਅਤੇ ਮੋਗਾ ਫਿਲਮ ਸਟੂਡੀਓ ਦੇ ਜੱਸੀ ਢੰਡੀਆਂ ਸੰਧੂ ਵਲੋਂ ਬਰੈਂਪਟਨ ਅਤੇ ਆਸ ਪਾਸ ਦੇ ਕਲਾਕਾਰਾਂ ਅਤੇ ਫਿਲਮਾਂ 'ਚ ਕੰਮ ਕਰਨ ਦੇ ਚਾਹਵਾਨਾਂ ਲਈ ਫਿਲਮ ਆਡੀਸ਼ਨ (ਸਕਰੀਨ ਟੈਸਟ) ਕਰਵਾਇਆ ਗਿਆ ਜਿਸ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ਮੂਲੀਅਤ ਕੀਤੀ। ਇਹ ਫਿਲਮ ਸ਼ਿਵਮ ਸ਼ਰਮਾ ਦੇ ਨਿਰਦੇਸ਼ਨ ਹੇਠ ਬਰੈਂਪਟਨ ਦੇ ਆਸ-ਪਾਸ ਖੇਤਰਾਂ ਵਿਚ ਫਿਲਮਾਈ ਜਾਵੇਗੀ। ਜਿਨ੍ਹਾਂ ਕਲਾਕਾਰਾਂ ਦੀ ਚੋਣ ਕੀਤੀ ਜਾ ਚੁੱਕੀ ਹੈ, ਉਨ੍ਹਾਂ ਵਿਚ ਫਿਲਮੀ ਅਦਾਕਾਰਾਂ ਬੀ ਐਨ ਸ਼ਰਮਾ, ਸੰਜੇ ਮਿਸ਼ਰਾ, ਹਰਗੀ ਸੰਘਾ ਅਤੇ ਜੱਸੀ ਢੰਡੀਆਂ ਸ਼ਾਮਿਲ ਹਨ। ਇਸ ਫਿਲਮ 'ਚ ਮੁੱਖ ਕਿਰਦਾਰ ਬਰੈਂਪਟਨ ਨਿਵਾਸੀ ਅਰਸ਼ ਚਾਵਲਾ ਨਿਭਾਉਣਗੇ ਜਦਕਿ ਗੀਤ ਸੰਗੀਤ ਨਛੱਤਰ ਗਿੱਲ ਅਤੇ ਰਣਜੀਤ ਬਾਵਾ ਦਾ ਹੋਵੇਗਾ। ਇਸ ਫਿਲਮ ਦੇ ਜੂਨ ਤੱਕ ਮੁਕੱਮਲ ਹੋਣ ਦੀ ਸੰਭਾਵਨਾ ਹੈ। ਇਸ ਮੌਕੇ ਜਰਮਨ ਢੰਡੀਆ ਸੰਧੂ, ਜੋਤੀ ਸ਼ਰਮਾ ਤੋਂ ਇਲਾਵਾ ਹੋਰ ਲੋਕ ਵੀ ਮੌਜੂਦ ਸਨ।

## ਕੈਨੇਡਾ ਚਾਈਲਡ ਬੈਨੀਫ਼ਿਟ ਅਧੀਨ ਕੈਨੇਡਾ ਵਾਸੀਆਂ ਨੂੰ ਕਾਫ਼ੀ ਫਾਇਦਾ : ਰਿਪੋਰਟ



ਬਰੈਂਪਟਨ, -ਸਕੋਸ਼ੀਆ ਇਕਨਾਮਿਕਸ ਵੱਲੋਂ ਜਾਰੀ ਕੀਤੀ ਗਈ ਤਾਜ਼ਾ ਰਿਪੋਰਟ ਵਿਚ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਗਏ ਅਹਿਮ ਵਾਅਦੇ ਨੂੰ ਪੂਰਿਆਂ ਕਰਨ ਦੀ ਗੱਲ ਪੱਕੀ ਕੀਤੀ ਗਈ ਹੈ। ਇਸ ਦੇ ਨਾਲ ਮਿਡਲ ਕਲਾਸ ਅਤੇ ਕਈ ਹੋਰ ਜੋ ਇਸ ਦੇ ਨਾਲ ਜੁੜਨ ਲਈ ਸਖ਼ਤ ਮਿਹਨਤ ਕਰ ਰਹੇ ਹਨ, ਨੂੰ ਕਾਫ਼ੀ ਮਦਦ ਮਿਲੇਗੀ।

ਇਸ ਦੇ ਬਾਰੇ ਆਪਣਾ ਪ੍ਰਤੀਕ੍ਰਮ ਜਾਰੀ ਕਰਦਿਆਂ ਹੋਇਆਂ ਬਰੈਂਪਟਨ ਸਾਊਥ ਦੀ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਕਿਹਾ,"ਨਵੀਂ ਕੈਨੇਡਾ ਚਾਈਲਡ ਬੈਨੀਫ਼ਿਟ ਇਕ ਮਹੱਤਵਪੂਰਨ ਪਾਲਿਸੀ ਚੇਂਜ ਹੈ ਜਿਸ ਨਾਲ ਪਹਿਲਾਂ ਹੀ ਲੱਖਾਂ ਕੈਨੇਡਾ-ਵਾਸੀਆਂ ਨੂੰ ਲਾਭ ਪ੍ਰਾਪਤ ਹੋ ਰਿਹਾ ਹੈ। ਮੈਨੂੰ ਫ਼ਖ਼ਰ ਹੈ ਕਿ ਅਸੀਂ ਸਮਾਜਿਕ ਭਲਾਈ ਦੇ ਇਸ ਖ਼ੇਤਰ ਵਿਚ ਹੋਰ ਤਰੱਕੀ ਕੀਤੀ ਹੈ ਅਤੇ ਸਾਡੀ ਸਰਕਾਰ ਮਿਡਲ ਕਲਾਸ ਅਤੇ ਕਈ ਹੋਰ ਜੋ ਇਸ ਵਿਚ ਸ਼ਾਮਲ ਹੋਣ ਦੇ ਚਾਹਵਾਨ ਹਨ, ਦੀ ਭਲਾਈ ਲਈ ਲਗਾਤਾਰ ਯਤਨ ਕਰ ਰਹੀ ਹੈ।

ਇਸ ਰਿਪੋਰਟ ਵਿਚ ਨਵੀਂ ਕੈਨੇਡਾ ਚਾਈਲਡ ਬੈਨੀਫ਼ਿਟ ਅਤੇ ਇਸ ਦੇ ਪੁਰਾਣੇ ਸੰਸਕਰਣ ਵਿਚਲੇ ਫ਼ਰਕ ਨੂੰ ਬਾਖ਼ੂਬੀ ਦਰਸਾਇਆ ਗਿਆ ਹੈ। 35,000 ਡਾਲਰ ਸਲਾਨਾ ਸਾਂਝੀ ਕਮਾਈ ਵਾਲੇ ਪਰਿਵਾਰ ਨੂੰ ਇਸ ਨਵੀਂ ਪਾਲਿਸੀ ਰਾਹੀਂ 3535 ਡਾਲਰ ਹੋਰ ਮਿਲਣਗੇ, ਜਦ ਕਿ 70,000 ਡਾਲਰ ਦੀ ਸਾਂਝੀ ਕਮਾਈ ਵਾਲੇ ਪਰਿਵਾਰ ਨੂੰ ਇਸ ਦੇ ਨਾਲ 2760 ਡਾਲਰ ਦਾ ਫ਼ਾਇਦਾ ਹੋਵੇਗਾ। ਇਹ ਅੰਕੜੇ ਔਸਤਨ ਹਨ ਅਤੇ ਕਈ ਪਰਿਵਾਰ ਇਸ ਪਾਲਿਸੀ ਰਾਹੀਂ ਇਨ੍ਹਾਂ ਨਾਲੋਂ ਵਧੇਰੇ ਰਾਸ਼ੀ ਵੀ ਪ੍ਰਾਪਤ ਕਰ ਸਕਣਗੇ।

## ਰੂਬੀ ਸਹੋਤਾ ਨੇ ਕੀਤੀ ਰਾਇਰਸਨ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਨਾਲ ਮੁਲਾਕਾਤ



ਬਰੈਂਪਟਨ, -ਬਰੈਂਪਟਨ ਨੌਰਥ ਦੀ ਪਾਰਲੀਮੈਂਟ ਮੈਂਬਰ ਰੂਬੀ ਸਹੋਤਾ ਬੀਤੇ ਹਫ਼ਤੇ ਟੋਰਾਂਟੋ ਡਾਊਨ ਟਾਊਨ ਸਥਿਤ ਰਾਇਰਸਨ ਯੂਨੀਵਰਸਿਟੀ ਗਏ ਜਿੱਥੇ ਉਨ੍ਹਾਂ ਨੇ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਲਾਕੈਮੀ ਨਾਲ ਇਸ ਯੂਨੀਵਰਸਿਟੀ ਦੇ ਬਰੈਂਪਟਨ ਵਿਚ ਭਵਿੱਖ-ਮਈ ਪ੍ਰੋਗਰਾਮਾਂ ਅਤੇ ਇਸ ਦੇ ਸਾਈਬਰ ਸਕਿਓਰ ਕੈਟਾਲਿਸਟ ਉਪਰਾਲੇ ਬਾਰੇ ਵਿਸਥਾਰ-ਪੂਰਵਕ ਗੱਲਬਾਤ ਕੀਤੀ।

ਇਸ ਦੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਰੂਬੀ ਸਹੋਤਾ ਨੇ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਤੇਜ਼-ਰਫ਼ਤਾਰ ਡਿਜੀਟਲ ਸੰਸਾਰ ਵਿਚ ਸਾਈਬਰ ਸਕਿਉਰਿਟੀ ਦੀ ਮਹੱਤਤਾ ਨੂੰ ਭਲੀ-ਪ੍ਰਕਾਰ ਸਮਝਦੀ ਹੈ। ਨੈਸ਼ਨਲ ਸਕਿਉਰਿਟੀ ਐਂਡ ਐਮਰਜੈਂਸੀ ਪ੍ਰੀਪੇਅਰਡਨੈੱਸ ਮੰਤਰੀ ਮਾਣਯੋਗ ਰੈਲਫ਼ ਗੁਡੇਲ ਨੇ ਇਸ ਸਬੰਧੀ ਕਿਹਾ ਹੈ,"ਸਾਡੇ ਸਮਾਜ ਅਤੇ ਦੇਸ਼ ਦੇ ਅਰਥਚਾਰੇ ਨੂੰ ਆਮ ਵਾਂਗ ਚਲਾਉਣ ਲਈ ਕਮੱਰਸ਼ਲ ਚੇਨ ਸਪਲਾਈ ਤੋਂ ਲੈ ਕੇ ਕਰਿਟੀਕਲ ਇਨਫ਼ਰਾਸਟਰੱਕਚਰ ਤੱਕ ਸਾਈਬਲ ਵੱਰਲਡ ਵਿਚ ਖ਼ਤਰਿਆਂ ਦੀਆਂ ਸੰਭਾਵਨਾਵਾਂ ਬੜੀ ਤੇਜ਼ੀ ਨਾਲ ਵਧੀਆਂ ਹਨ ਅਤੇ ਇਹ ਅੱਗੋਂ ਹੋਰ ਵੀ ਵਧੇਰੇ ਸੰਗੀਨ ਹੋ ਰਹੀਆਂ ਹਨ।" ਏਸੇ ਲਈ ਸਾਡੀ ਸਰਕਾਰ ਨੇ ਪਿਛਲੇ ਪੰਜ ਸਾਲਾਂ ਵਿਚ ਨਵੀਂ ਨੈਸ਼ਨਲ ਸਕਿਉਰਿਟੀ ਸਟਰੈਟਿਜੀ ਅਧੀਨ 500 ਮਿਲੀਅਨ ਡਾਲਰ ਦਾ ਪੂੰਜੀ ਨਿਵੇਸ਼ ਕੀਤਾ ਹੈ।

ਐੱਮ.ਪੀ. ਰੂਬੀ ਸਹੋਤਾ ਨੇ ਰਾਇਰਸਨ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਲਾਕੈਮੀ ਨਾਲ ਯੂਨੀਵਰਸਿਟੀ ਦੇ ਧੰਢ ਦਾ ਦੌਰਾ ਕੀਤਾ ਅਤੇ ਉਨ੍ਹਾਂ ਕੋਲੋਂ ਇਸ ਦੇ 'ਸਾਈਬਰ ਸਕਿਓਰ ਇਨੀਸ਼ੀਏਟਿਵ' ਬਾਰੇ ਤਾਜ਼ਾ ਜਾਣਕਾਰੀ ਹਾਸਲ ਕੀਤੀ। ਇਹ ਰਾਇਰਸਨ ਯੂਨੀਵਰਸਿਟੀ ਦੀ ਨਾਨ-ਪ੍ਰਾਫ਼ਿਟ ਕਾਰਪੋਰੇਸ਼ਨ ਹੈ ਜਿਸ ਦੇ 'ਕੀ-ਐਲੀਮੈਂਟਸ'ਬਰੈਂਪਟਨ ਵਿਚ ਸਥਿਤ ਹਨ। ਇਸ ਨੂੰ ਪਬਲਿਕ ਤੇ ਪ੍ਰਾਈਵੇਟ ਦੋਹਾਂ ਸੈੱਕਟਰਾਂ ਦਾ ਸਮੱਰਥਨ ਹਾਸਲ ਹੈ ਅਤੇ ਇਹ ਕੈਨੇਡਾ ਦੀ ਸਾਈਬਰਸਕਿਉਰਿਟੀ ਖੋਜ ਲਈ ਈਕੋਸਿਸਟਮ ਵਿਕਸਿਤ ਕਰਨ ਲਈ ਵਚਨਬੱਧ ਹੈ।

ਰੂਬੀ ਸਹੋਤਾ ਨੇ ਕਿਹਾ,"ਬਰੈਂਪਟਨ ਦੇ ਮੇਰੇ ਸਾਥੀ ਪਾਰਲੀਮੈਂਟ ਮੈਂਬਰ ਤੇ ਮੈਂ ਮਿਲ ਕੇ ਰਾਇਰਸਨ ਯੂਨੀਵਰਸਿਟੀ ਦੇ ਸਾਈਬਰਸਕਿਓਰ ਕੈਟਾਲਿਸਟ ਉਪਰਾਲੇ ਅਤੇ ਇਸ ਨਾਲ ਬਰੈਂਪਟਨ ਨੂੰ ਹੋਣ ਵਾਲੇ ਫ਼ਾਇਦੇ ਲਈ ਲਗਾਤਾਰ ਅਣਥੱਕ ਕੋਸ਼ਿਸ਼ਾਂ ਕਰ ਰਹੇ ਹਾਂ। ਬਰੈਂਪਟਨ ਨੂੰ ਸ਼ਹਿਰੀ ਵਿਕਾਸ ਖ਼ੇਤਰ ਦਾ ਦਰਜਾ ਮਿਲ ਚੁੱਕਾ ਹੈ ਅਤੇ ਇਹ ਕੈਨੇਡਾ ਦਾਤੇਜ਼ੀ ਨਾਲ ਵਿਕਾਸ ਕਰ ਰਿਹਾ ਦੂਸਰਾ ਸ਼ਹਿਰ ਹੈ ਜਿੱਥੇ ਪੜ੍ਹੀ-ਲਿਖੀ ਅਤੇ ਉੱਤਮ ਦਰਜੇ ਦੀ ਸਕਿੱਲਡ ਆਬਾਦੀ ਹੈ। ਇਹ ਸ਼ਹਿਰ ਕਿਚਨਰ-ਵਾਟਰਲੂ ਨੂੰ ਟੋਰਾਂਟੋ ਨਾਲ ਜੋੜਨ ਵਾਲੀ ਭਵਿੱਖ-ਮਈ ਖੋਜ ਸੰਭਾਵਨਾਵਾਂ ਵਾਲੀ ਕਾਰੀਡੋਰ ਉੱਪਰ ਸਥਿਤ ਹੈ ਅਤੇ ਕੈਨੇਡਾ ਦੇ ਸੱਭ ਤੋਂ ਵੱਡੇ ਹਵਾਈ-ਅੱਡੇ ਦੇ ਬਿਲਕੁਲ ਗੁਆਂਢ ਵਿਚ ਸਥਿਤ ਹੈ। ਇਹ ਸਾਰੇਵਧੀਆ ਪੁਆਇੰਟ ਮਿਲ ਕੇ ਬਰੈਂਪਟਨ ਨੂੰ ਰਾਇਰਸਨ ਯੂਨੀਵਰਸਿਟੀ ਦੇ ਸਾਈਬਰਸਕਿਓਰ ਕੈਟਾਲਿਸਟ ਲਈ ਸੱਭ ਤੋਂ ਉੱਤਮ ਤੇ ਉਪਯੋਗੀ ਜਗ੍ਹਾ ਬਣਾਉਂਦੇ ਹਨ। ਇਸ ਸਬੰਧੀ ਮੀਡੀਆ ਇਨਕੁਆਇਰੀ ਲਈ ਕੈਰਨ ਗਿੱਲ ਨੂੰ Ruby.sahota@parl.gc.ca 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕਾਫ਼ਲੇ ਦੀ ਮੀਟਿੰਗ 23 ਫ਼ਰਵਰੀ ਨੂੰ

ਕਾਫ਼ਲੇ ਦੀ ਮੀਟਿੰਗ ਸਨਿੱਚਰਵਾਰ, 23 ਫ਼ਰਵਰੀ ਨੂੰ ਦੁਪਹਿਰ 1.30 ਵਜੇ ਤੋਂ 4.30 ਵਜੇ ਤੱਕ ਸਪਰਿੰਗਡੇਲ ਲਾਇਬਰੇਰੀ, 10705 ਬਰੈਮਲੀ ਰੋਡ, ਬਰੈਂਪਟਨ, ਵਿਖੇ ਹੋਵੇਗੀ। ਇਸ ਮੀਟਿੰਗ ਦਾ ਅਜੰਡਾ ਸੰਖੇਪ ਵਿੱਚ ਹੇਠ ਲਿਖੇ ਅਨੁਸਾਰ ਹੋਵੇਗਾ: ਕਿਤਾਬ ਰਲੀਜ਼: 'ਮੈਂ ਸੱਚ ਕਿੱਥੇ ਬੋਲਾਂ' (ਨਾਟਕ): ਲਿਖਤ: ਪ੍ਰੋ ਗੁਰਮੀਤ ਕੌਰ ਰੰਧਾਵਾ 'ਪੰਜਾਬੀ ਭਾਸ਼ਾ ਦੇ ਵਿਕਾਸ ਦੀਆਂ ਸਮੱਸਿਆਵਾਂ: (ਡਾ. ਨਾਹਰ ਸਿੰਘ ਦਾ ਲੈਕਚਰ) ਕਵੀ ਦਰਬਾਰ। ਆਪ ਸਭ ਨੂੰ ਬੇਨਤੀ ਹੈ ਕਿ ਸਮੇਂ ਸਿਰ ਪਹੁੰਚਕੇ ਮੀਟਿੰਗ ਨੂੰ ਸਹੀ ਸਮੇਂ 'ਤੇ ਸ਼ੁਰੂ ਕਰਨ ਵਿੱਚ ਮਦਦ ਕਰੋ ਜੀ।

ਕਾਫ਼ਲਾ ਸੰਚਾਲਕ ਕਮੇਟੀ: ਕੁਲਵਿੰਦਰ ਖਹਿਰਾ, ਬਰਜਿੰਦਰ ਗੁਲਾਟੀ, ਪਰਮਜੀਤ ਦਿਓਲ ਨੇ ਦੱਸਿਆ ਕਿ ਇਸ ਵਾਰ ਕੁਝ ਕਾਰਨਾਂ ਕਰਕੇ ਅਸੀਂ ਫੋਨ ਨਹੀਂ ਕਰ ਸਕਾਂਗੇ। ਇਸ ਲਈ ਜੇ ਤੁਸੀਂ ਜਾਣਦੇ ਹੋ ਕਿ ਸਾਡੇ ਕਿਸੇ ਸੱਜਣ ਦੀ ਈਮੇਲ ਤੱਕ ਪਹੁੰਚ ਨਹੀਂ ਹੈ ਤਾਂ ਮਿਹਰਬਾਨੀ ਕਰਕੇ ਉਸਨੂੰ ਇਸ ਮੀਟਿੰਗ ਦੀ ਸੂਚਨਾ ਜ਼ਰੂਰ ਦੇ ਦਿਉ।

## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਫ਼ਰਵਰੀ ਸਮਾਗ਼ਮ 'ਅੰਤਰ-ਰਾਸ਼ਟਰੀ ਭਾਸ਼ਾ-ਦਿਵਸ' ਨੂੰ ਸਮਰਪਿਤ ਰਿਹਾ






ਬਰੈਂਪਟਨ, (ਪਰਮਜੀਤ ਢਿੱਲੋਂ/ਡਾ.ਝੰਡ) -ਬੀਤੇ ਐਤਵਾਰ 17 ਫਰਵਰੀ ਨੂੰ ਕਨੈਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਮਾਸਿਕ ਇਕੱਤਰਤਾ ਐਫ਼.ਬੀ.ਆਈ. ਸਕੂਲ ਵਿਚ ਹੋਈ। ਇਸ ਮੌਕੇ ਹੋਏ ਸਮਾਗਮ ਨੂੰ 'ਅੰਤਰਰਾਸ਼ਟਰੀ ਭਾਸ਼ਾ-ਦਿਵਸ' ਵਜੋਂ ਮਨਾਉਂਦੇ ਹੋਏ ਪੰਜਾਬੀ ਭਾਸ਼ਾ ਨੂੰ ਸਮਰਪਿਤ ਕੀਤਾ ਗਿਆ। ਸਭ ਤੋਂ ਪਹਿਲਾਂ ਕਨੈਡੀਅਨ ਪੰਜਾਬੀ ਸਾਹਿਤ ਸਭਾ ਦੇ ਸੀਨੀਅਰ ਮੈਂਬਰ ਮਲੂਕ ਸਿੰਘ ਕਾਹਲੋਂ ਵੱਲੋਂ ਸਾਰਿਆਂ ਨੂੰ 'ਜੀ ਆਇਆਂ'ਕਿਹਾ ਗਿਆ। ਇਸ ਸਮਾਗਮ ਵਿਚ ਪੰਜਾਬੀ ਭਾਸ਼ਾ ਨੂੰ ਪਿਆਰ ਕਰਨ ਵਾਲੇ ਸਾਹਿਤਕਾਰਾਂ ਅਤੇ ਬੁਧੀਜੀਵੀਆਂ ਨੇ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸਤਿਕਾਰਯੋਗ ਪ੍ਰੋਫੈਸਰ ਰਾਮ ਸਿੰਘ ਨੇ ਪੰਜਾਬੀ ਭਾਸ਼ਾ ਦੀਆਂ ਬਾਰੀਕੀਆਂ ਨੂੰ ਬਹੁਤ ਹੀ ਨਿਵੇਕਲੇ ਢੰਗ ਨਾਲ ਸਮਝਾਇਆ। ਉਦਾਹਰਣ ਵਜੋਂ, ਉਨ੍ਹਾਂ ਦੱਸਿਆ ਕਿ "ਹੂੰ" ਲਫ਼ਜ਼ ਨੂੰ ਅਲੱਗ-ਅਲੱਗ ਲਹਿਜੇ ਨਾਲ ਬੋਲਣ ਨਾਲ ਉਸ ਦੇ ਅਰਥ ਕਿਵੇਂ ਬਦਲਦੇ ਹਨ। ਆਪਣੀ ਗੱਲ ਨੂੰ ਹੋਰ ਸਪੱਸ਼ਟ ਕਰਨ ਲਈ ਉਨ੍ਹਾਂ ਕਈ ਹੋਰ ਮਹੱਤਵਪੂਰਨ ਉਦਾਹਰਣਾਂ ਦਿੱਤੀਆਂ। ਇਸ ਤਰ੍ਹਾਂ ਸਮਾਗਮ ਦੀ ਸ਼ੁਰੂਆਤ ਇਸ ਦਾ ਸ਼ਿੰਗਾਰ ਹੋ ਨਿੱਬੜੀ। ਕੈਨੇਡੀਅਨ ਪੰਜਾਬੀ ਸਾਹਿਤ ਸਭਾ ਪ੍ਰੋਫੈਸਰ ਰਾਮ ਸਿੰਘ ਹੋਰਾਂ ਦੀ ਤਹਿ ਦਿਲੋਂ ਧੰਨਵਾਦੀ ਹੈ।

ਤਲਵਿੰਦਰ ਮੰਡ ਨੇ ਇਸ ਸਮਾਗਮ ਨੂੰ ਅਗਾਂਹ ਤੋਰਦੇ ਹੋਏ ਸਰੋਤਿਆਂ ਨੂੰ ਸਵਾਲ ਕਰਨ ਦਾ ਮੌਕਾ ਪ੍ਰਦਾਨ ਕੀਤਾ ਜਿਸ ਵਿਚ ਕੁਲਜੀਤ ਮਾਨ, ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਪੰਜਾਬੀ ਭਾਸ਼ਾ ਦੇ ਭਵਿੱਖ ਬਾਰੇ ਚਿੰਤਾ ਪ੍ਰਗਟ ਕੀਤੀ। ਕੁਝ ਹੋਰ ਸਰੋਤਿਆ ਨੇ ਭਾਸ਼ਾ ਸਬੰਧੀ ਸਵਾਲ ਕਰਨ ਦੀ ਬਜਾਏ ਆਪਣੀਆਂ ਕਵਿਤਾਵਾਂ ਰਾਹੀਂ ਹਾਜ਼ਰੀ ਲਗਵਾਈ। ਸਤਿਕਾਰਿਤ ਸ਼ਖ਼ਸੀਅਤ ਬਲਰਾਜ ਚੀਮਾ ਨੇ ਬਹੁਤ ਹੀ ਵਧੀਆ ਤਰੀਕੇ ਨਾਲ ਭਾਸ਼ਾ ਦੇ ਸੰਖੇਪ ਗੁਣਾਂ ਭਰਪੂਰ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ।

ਉਪਰੰਤ, ਪ੍ਰੋਗਰਾਮ ਦੇ ਦੂਸਰੇ ਭਾਗ ਵਿਚ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਕੁਲਜੀਤ ਮਾਨ, ਗਿਆਨ ਸਿੰਘ ਦਰਦੀ, ਡਾਲਵੀ ਸਾਹਿਬ, ਹਰਜਸਪ੍ਰੀਤ ਕੋਰ ਗਿੱਲ, ਪਰਮਜੀਤ ਗਿੱਲ, ਇਕਬਾਲ ਬਰਾੜ, ਸੰਨੀ ਸ਼ਿਵਰਾਜ, ਸੁੰਦਰ ਪਾਲ ਰਾਜਾਸਾਂਸੀ, ਸੁਰਜੀਤ ਕੌਰ, ਰਮਿੰਦਰ ਵਾਲੀਆ, ਅਮਰਜੀਤ ਕੌਰ ਪੰਛੀ, ਡਾਕਟਰ ਕ੍ਰਿਸ਼ਨ ਜੀ ਅਤੇ ਤਲਵਿੰਦਰ ਮੰਡ ਨੇ ਆਪਣੀਆਂ ਰਚਨਾਵਾਂ ਰਾਹੀਂ ਸਮਾਂ ਬੰਨ੍ਹਿਆ। ਸਟੇਜ ਤੋਂ ਸਮਾਗਮ ਦੇ ਦੂਸਰੇ ਭਾਗ ਦੀ ਕਾਰਵਾਈ ਪਰਮਜੀਤ ਢਿੱਲੋਂ ਨੇ ਨਿਭਾਈ। ਕੁਝ ਨਵੇਂ ਮਹਿਮਾਨਾਂ ਵੱਲੋਂ ਵੀਂ ਇਸ ਸਮਾਗ਼ਮ ਵਿਚ ਸ਼ਿਰਕਤ ਕੀਤੀ ਗਈ ਜਿਸ ਲਈ ਮੰਚ ਵੱਲੋਂ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਅਖ਼ੀਰ ਵਿੱਚ ਬਲਰਾਜ ਚੀਮਾ ਹੋਰਾਂ ਦੇ ਧੰਨਵਾਦੀ ਸ਼ਬਦਾਂ ਨਾਲ ਇਹ ਯਾਦਗਾਰੀ ਸਮਾਗ਼ਮ ਸੰਪੰਨ ਹੋਇਆ।

## ਐੱਮ.ਪੀ.ਪੀ. ਸਾਰਾ ਸਿੰਘ ਦਾ ਕਮਿਊਨਿਟੀ ਓਪਨ ਹਾਊਸ 24 ਫ਼ਰਵਰੀ ਨੂੰ



ਬਰੈਂਪਟਨ, (ਡਾ.ਝੰਡ) -ਓਨਟਾਰੀਓ ਐੱਨ.ਡੀ.ਪੀ. ਦੀ ਡਿਪਟੀ ਲੀਡਰ ਤੇ ਬਰੈਂਪਟਨ ਸੈਂਟਰ ਦੀ ਐੱਮ.ਪੀ.ਪੀ. ਸਾਰਾ ਸਿੰਘ ਦੇ ਦਫ਼ਤਰ ਤੋਂ ਪ੍ਰਾਪਤ ਸੂਚਨਾ ਅਨੁਸਾਰ ਉਨ੍ਹਾਂ ਵੱਲੋਂ ਕਮਿਊਨਿਟੀ ਓਪਨ ਹਾਊਸ 24 ਫ਼ਰਵਰੀ ਦਿਨ ਐਤਵਾਰ ਨੂੰ ਉਨ੍ਹਾਂ ਦੇ ਕੰਨਸਟੀਚੂਐਂਸੀ ਆਫ਼ਿਸ 456, ਵੋਡਨ ਸਟਰੀਟ (ਈਸਟ) ਵਿਖੇ ਬਾਅਦ ਦੁਪਹਿਰ 2.00 ਵਜੇ ਸ਼ੁਰੂ ਹੋਵੇਗਾ। ਸਾਰਾ ਸਿੰਘ ਬਰੈਂਪਟਨ ਸੈਂਟਰ ਨਿਵਾਸੀਆਂ ਅਤੇ ਸਮੁੱਚੇ ਬਰੈਂਪਟਨ ਕਮਿਊਨਿਟੀ ਦੇ ਗਰੁੱਪਾਂ ਨੂੰ 'ਜੀ ਆਇਆਂ' ਕਹਿਣਗੇ ਅਤੇ ਉਨ੍ਹਾਂ ਦਾ ਭਰਵਾਂ ਸੁਆਗਤ ਕਰਨਗੇ। ਸਥਾਨਕ ਕਲਾਕਾਰ ਆਏ ਮਹਿਮਾਨਾਂ ਦਾ ਮਨੋਰੰਜਨ ਕਰਨਗੇ।

ਸਮੂਹ ਕਮਿਊਨਿਟੀ ਤੇ ਮੀਡੀਆ ਮੈਂਬਰਾਂ ਨੂੰ ਇਸ ਈਵੈਂਟ ਵਿਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਇਸ ਓਪਨ ਹਾਊਸ ਵਿਚ ਸਾਰਾ ਸਿੰਘ ਵੱਲੋਂ ਮੀਡੀਆ ਅਤੇ ਆਏ ਮਹਿਮਾਨਾਂ ਨੂੰ ਸ਼ਾਮ 4.15 ਵਜੇ ਸੰਬੋਧਨ ਕੀਤਾ ਜਾਏਗਾ।

## ਮਲਟੀ ਕਲਚਰਲ ਸੀਨੀਅਰਜ਼ ਐਸੋਸੀਏਸ਼ਨ ਵੱਲੋਂ ਪੁਲਵਾਮਾ ਹਮਲੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ, ਹਮਲੇ ਦੀ ਕੀਤੀ ਨਿੰਦਾ

ਮਾਲਟਨ, ਮਲਟੀ ਕਲਚਰਲ ਸੀਨੀਅਰਜ਼ ਐਸੋਸੀਏਸ਼ਨ ਮਾਲਟਨ ਵੱਲੋਂ ਪਿਛਲੇ ਦਿਨੀਂ ਇਕ ਮੀਟਿੰਗ ਕਰਕੇ ਜੰਮੂ ਕਸ਼ਮੀਰ ਦੇ ਕਸਬੇ ਪੁਲਵਾਮਾ ਵਿਚ ਅੱਤਵਾਦੀਆਂ ਵੱਲੋਂ ਸੁਰੱਖਿਆ ਬਲਾਂ ਉੱਪਰ ਕੀਤੇ ਗਏ ਹਮਲੇ ਵਿਚ ਸ਼ਹੀਦ ਹੋਏ ਜਵਾਨਾਂ ਨੂੰ ਸ਼ਰਧਾਂਜਲੀ ਭੇਂਟ ਕਰਕੇ ਇਸ ਘਿਨਾਉਣੇ ਕਾਰਨਾਮੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਇਸ ਮੌਕੇ ਲੁਧਿਆਣਾ ਰੇਪ ਕਾਂਡ ਦੀ ਵੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਅਤੇ ਇਸ ਘਟੀਆ ਕਾਰਨਾਮੇ ਬਦਲੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਗਈ।

ਐਸੋਸੀਏਸ਼ਨ ਦੇ ਚੇਅਰਮੈਨ ਪਿਆਰਾ ਸਿੰਘ ਤੂਰ, ਪ੍ਰੈਜ਼ੀਡੈਂਟ ਸੱਜਣ ਸਿੰਘ ਧਾਲੀਵਾਲ ਅਤੇ ਕੈਸ਼ੀਅਰ ਮਹਿੰਦਰ ਪਾਲ ਕਪੂਰ ਨੇ ਇਕ ਸਾਂਝੇ ਬਿਆਨ ਨੂੰ ਪ੍ਰੈੱਸ ਦੇ ਨਾਮ ਜਾਰੀ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸੰਸਥਾ ਪੁਲਵਾਮਾ ਵਿੱਚ ਸੁਰੱਖਿਆ ਬਲਾਂ ਉੱਪਰ ਹਮਲਾ ਕਰਕੇ ਅੱਤਵਾਦੀਆਂ ਵੱਲੋਂ 44 ਸੀ.ਆਰ.ਪੀ. ਐੱਫ਼ ਕਰਮੀਆਂ ਨੂੰ ਸ਼ਹੀਦ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ ਅਤੇ ਸ਼ਹੀਦ ਜਵਾਨਾਂ ਨੂੰ ਸ਼ਰਧਾਂਜਲੀ ਭੇਂਟ ਕਰਦੀ ਹੈ।

ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਸ਼ਹੀਦਾਂ ਦੇ ਪਰਿਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦੀ ਹੈ। ਇਸ ਮੌਕੇ ਲੁਧਿਆਣਾ ਰੇਪ ਕਾਂਡ ਦੀ ਵੀ ਨਿਖੇਧੀ ਕਰਦਿਆਂ ਪੀੜਤ ਲੜਕੀ ਨਾਲ ਹਮਦਰਦੀ ਪ੍ਰਗਟਾਈ ਗਈ। ਸਭਾ ਦੇ ਚੇਅਰਮੈਨ ਪਿਆਰਾ ਸਿੰਘ ਤੂਰ ਨੇ ਕਿਹਾ ਕਿ ਉਹ ਸਰਕਾਰ ਤੋਂ ਮੰਗ ਕਰਦੇ ਹਨ ਕਿ ਇਹੋ ਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਯੋਗ ਕਦਮ ਚੁੱਕੇ ਜਾਣ।

## ਸੀ.ਐੱਨ. ਟਾਵਰ ਦੀਆਂ ਪੌੜੀਆਂ ਚੜ੍ਹਨ ਦੇ ਈਵੈਂਟ ਹੋਵੇਗੀ ਜਲ੍ਹਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਨੂੰ ਸਮਰਪਿਤ



ਬਰੈਂਪਟਨ, (ਡਾ. ਝੰਡ) -ਸੀ.ਐੱਨ. ਟਾਵਰ ਦੀਆਂ 1776 ਪੌੜੀਆ ਚੜ੍ਹਨ ਦਾ ਈਵੈਂਟ ਸਾਲੋ-ਸਾਲ ਹੋਰ ਵੀ ਮਹੱਤਵ-ਪੂਰਵਕ ਹੁੰਦਾ ਜਾ ਰਿਹਾ ਹੈ। ਡਬਲਿਊ. ਡਬਲਿਊ. ਐੱਫ਼. ਵੱਲੋਂ ਕਰਵਾਏ ਜਾਂਦੇ ਇਸ ਦਿਲਚਸਪ ਈਵੈਂਟ ਵਿਚ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਬੜੇ ਹੀ ਜੋਸ਼ ਤੇ ਉਤਸ਼ਾਹ ਨਾਲ ਭਾਗ ਲੈਂਦੇ ਹਨ। ਆਮ ਫ਼ਿਟਨੈੱਸ ਵਾਲਾ ਵਿਅੱਕਤੀ ਇਸ ਉੱਪਰ ਚੜ੍ਹਨ ਲਈ 35-40 ਮਿੰਟ ਲਗਾਉਂਦਾ ਹੈ, ਜਦ ਕਿ ਤੇਜ਼-ਤਰਾਰ ਚੜ੍ਹਨ ਵਾਲੇ ਇਸ ਤੋਂ ਘੱਟ ਸਮੇਂ 15-20 ਮਿੰਟਾਂ ਵਿਚ ਵੀ ਇਹ ਪੌੜੀਆਂ ਚੜ੍ਹ ਜਾਂਦੇ ਹਨ। ਵੈਸੇ, ਇਸ ਟਾਵਰ ਉੱਪਰ ਜਾਣ ਵਾਲੇ ਸੱਭ ਤੋਂ ਤੇਜ਼ ਕਲਾਈਂਬਰ ਦਾ ਰਿਕਾਰਡ 7 ਮਿੰਟ 52 ਸਕਿੰਟ ਦਾ ਹੈ।

ਇਸ ਵਾਰ ਇਹ ਈਵੈਂਟ 13 ਅਪ੍ਰੈਲ ਦਿਨ ਸ਼ਨੀਵਾਰ ਨੂੰ ਕਰਵਾਇਆ ਜਾ ਰਿਹਾ ਹੈ ਅਤੇ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀ.ਪੀ.ਏ.ਆਰ. ਕਲੱਬ) ਦੇ 100 ਤੋਂ ਵਧੀਕ ਮੈਂਬਰਾਂ ਦੇ ਇਸ ਵਿਚ ਭਾਗ ਲੈਣ ਦੀ ਉਮੀਦ ਹੈ ਅਤੇ ਉਹ ਹੁਣ ਤੋਂ ਹੀ ਇਸ ਈਵੈਂਟ ਦੀ ਤਿਆਰੀ ਵਿਚ ਰੁੱਝ ਗਏ ਹਨ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨੇ ਦੱਸਿਆ ਕਿ ਉਹ ਇਸ ਈਵੈਂਟ ਵਿਚ ਆਪਣੀ ਕਲੱਬ ਦੀ ਸ਼ਮੂਲੀਅਤ ਨੂੰ ਅੰਮ੍ਰਿਤਸਰ ਦੇ ਜੱਲਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਦੀ 100'ਵੀਂ ਵਰ੍ਹੇ-ਗੰਢ ਨੂੰ ਸਮੱਰਪਿਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦੇ ਲਈ ਰਜਿਸਟ੍ਰੇਸ਼ਨ ਹੁਣ ਤੋਂ ਹੀ ਸ਼ੁਰੂ ਕਰ ਦਿੱਤੀ ਗਈ ਹੈ ਤਾਂ ਜੋ ਬਾਅਦ ਵਿਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਇਸ ਈਵੈਂਟ ਵਿਚ ਹਿੱਸਾ ਲੈਣ ਦੇ ਚਾਹਵਾਨ ਉਨ੍ਹਾਂ ਨੂੰ 416-275-9337, ਡਾ. ਜੈਪਾਲ ਸਿੱਧੂ ਨੂੰ 416-837-1562, ਰਾਕੇਸ਼.ਸ਼ਰਮਾ ਨੂੰ 415-918-6858 ਜਾਂ ਜਸਵੀਰ ਪਾਸੀ ਨੂੰ 416-843-5330 'ਤੇ ਸੰਪਰਕ ਕਰ ਸਕਦੇ ਹਨ।

ਸੰਧੂਰਾ ਬਰਾੜ ਨੇ ਦੱਸਿਆ ਕਿ ਉਸ ਦਿਨ ਇਸ ਈਵੈਂਟ ਵਿਚ ਭਾਗ ਲੈ ਕੇ ਉਨ੍ਹਾਂ ਦੀ ਕਲੱਬ ਦੇ ਮੈਂਬਰ ਉਸ ਦਿਨ ਜੱਲ੍ਹਿਆਂਵਾਲੇ ਬਾਗ਼ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਹੋਇਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਨਗੇ। ਪਾਠਕਾਂ ਨੂੰ ਭਲੀ-ਭਾਂਤ ਯਾਦ ਹੋਵੇਗਾ ਕਿ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਦੇ ਇਤਿਹਾਸਕ ਜੱਲਿਆਂਵਾਲੇ ਬਾਗ਼ ਵਿਚ ਇਕੱਠੇ ਹੋਏ ਹਿੰਦੂ, ਸਿੱਖ ਤੇ ਮੁਸਲਮਾਨਾਂ ਦੇ ਸਾਂਝੇ ਇਕੱਠ ਉੱਪਰ ਮਾਈਕਲ ਓਡਵਾਇਰ ਵੱਲੋਂ ਦਿੱਤੇ ਗਏ ਹੁਕਮ 'ਤੇ ਜਨਰਲ ਡਾਇਰ ਨੇ ਗੋਲੀਆਂ ਚਲਾ ਕੇ 400 ਦੇ ਕਰੀਬ ਨਿਹੱਥੇ ਵਿਅੱਕਤੀਆਂ ਨੂੰ ਸ਼ਹੀਦ ਅਤੇ ਹਜ਼ਾਰਾਂ ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ ਸੀ। ਫਿਰ ਇਸ ਖ਼ੂਨੀ ਕਾਂਡ ਦਾ ਬਦਲਾ ਕੌਮ ਦੇ ਮਹਾਨ ਸ਼ਹੀਦ ਊਧਮ ਸਿੰਘ ਉਰਫ਼ ਰਾਮ ਮੁਹੰਮਦ ਸਿੰਘ ਆਜ਼ਾਦ ਨੇ 21 ਸਾਲਾਂ ਬਾਅਦ ਜੂਨ 1940 ਵਿਚ ਲੰਡਨ ਜਾ ਕੇ ਲਿਆ ਸੀ।

Jobs Jobs Jobs

General Labour/ Drivers/ Window Assemblers & Machine Operators

ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 6 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.477.3344 (Neha)
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

Tax & Accounting

ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?

•TAX •HST REBATE •CORPORATION SET UP
•ACCOUNTING •BUSINESS LOAN

CA CPA
info@cagrover.com



ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193

148-2960 Drew Road, Mississauga ON L4T 0A5 | Harcharan S. Grover



# ਸੰਪਾਦਕੀ

## ਗਲਤ ਨਿਸ਼ਾਨੇ ਨਾ ਚੜ ਜਾਵੇ ਓਟਾਵਾ ਆਏ ਟੱਰਕਾਂ ਦਾ ਪ੍ਰਦਰਸ਼ਨ

United We Roll ਕਾਫਲੇ (ਇੱਕਤਰ ਹੋ ਕੇ ਅਸੀਂ ਅੱਗੇ ਵੱਧਦੇ ਹਾਂ) ਦੇ ਦੋ ਤੋਂ ਢਾਈ ਸੌ ਟਰੱਕਾਂ ਨੇ ਕੱਲ ਓਟਾਵਾ ਵਿਖੇ ਪਾਰਲੀਮੈਂਟ ਦੇ ਸਾਹਮਣੇ ਧਰਨਾ ਦਿੱਤਾ। ਸੈਮੀ ਟਰੇਲਰਾਂ, ਪਿੱਕਅੱਪ ਟਰੱਕਾਂ, ਕਾਰਾਂ ਅਤੇ ਬੱਸਾਂ ਦਾ ਰਲਿਆ ਮਿਲਿਆ ਇਹ ਕਾਫਲਾ ਅਲਬਰਟਾ ਵਿੱਚ ਰੈਡ ਡੀਅਰ ਕਸਬੇ ਤੋਂ ਆਰੰਭ ਹੋ ਕੇ ਲਿਬਰਲ ਸਰਕਾਰ ਦੇ ਗਰੀਨ ਏਜੰਡੇ ਵਿਸ਼ੇਸ਼ ਕਰਕੇ ਬਿੱਲ ਸੀ 48 ਦਾ ਵਿਰੋਧ ਕਰਨ ਓਟਾਵਾ ਪੁੱਜਿਆ ਹੋਇਆ ਸੀ। ਬਿੱਲ ਸੀ 48, ਜਿਸਨੂੰ ਆਇਲ ਟੈਂਕਰ ਮੋਰਾਟੋਰੀਅਮ ਐਕਟ ਕਿਹਾ ਜਾਂਦਾ ਹੈ, ਬ੍ਰਿਟਿਸ਼ ਕੋਲੰਬੀਆ ਦੀ ਨੌਰਥ ਕੋਸਟ ਦੇ ਨਾਲ ਪੈਂਦੀਆਂ ਬੰਦਰਗਾਹਾਂ ਤੋਂ 12, 500 ਟੱਨ ਤੋਂ ਵੱਧ ਲੈ ਜਾਣ ਵਾਲੇ ਟੈਂਕਰਾਂ ਦੇ ਚੱਲਣ ਉੱਤੇ ਪਾਬੰਦੀ ਲਾਉਂਦਾ ਹੈ। ਅਜਿਹੀ ਪਾਬੰਦੀ ਕੈਨੇਡਾ ਦੀ ਕਿਸੇ ਹੋਰ ਬੰਦਰਗਾਹ ਉੱਤੇ ਲਾਗੂ ਨਹੀਂ ਹੈ। ਅਲਬਰਟਾ ਤੋਂ ਆਉਣ ਵਾਲੇ ਇਹਨਾਂ ਪ੍ਰਦਰਸ਼ਨਕਾਰੀਆਂ ਨੂੰ ਡਰ ਹੈ ਕਿ ਲਿਬਰਲ ਸਰਕਾਰ ਦਾ ਗੈਸ ਪਾਈਪ ਲਾਈਨਾਂ ਨੂੰ ਲੈ ਕੇ ਚੁੱਕਿਆ ਏਜੰਡਾ (ਮਿਸਾਲ ਵਜੋਂ ਕਾਰਬਨ ਟੈਕਸ) ਆਮ ਕੈਨੇਡੀਅਨ ਖਾਸ ਕਰਕੇ ਪੱਛਮੀ ਕੈਨੇਡਾ ਵਿੱਚ ਰੁਜ਼ਗਾਰ ਨੂੰ ਢਾਹ ਲਾਉਣ ਵਾਲਾ ਹੈ।

ਇਸ ਕਾਫ਼ਲੇ ਨਾਲ ਇੱਕ ਦਿੱਕਤ ਇਹ ਹੈ ਕਿ ਇਸ ਕੋਲ ਕੋਈ ਜੱਥੇਬੰਦਕ ਢਾਂਚਾ ਨਹੀਂ ਹੈ ਜਿਸ ਕਾਰਣ ਮੌਕੇ ਦਾ ਲਾਭ ਲੈਣ ਲਈ ਇਸ ਵਿੱਚ ਕਈ ਗਲਤ ਕਿਸਮ ਦੇ ਅਨਸਰ ਦਾਖਲ ਹੋ ਚੁੱਕੇ ਦੱਸੇ ਜਾਂਦੇ ਹਨ। ਜਿਵੇਂ ਵਿਦਰੋਹੀ ਕਿਸਮ ਦੀ ਕਿਸੇ ਵੀ ਮੁਹਿੰਮ ਨਾਲ ਹੁੰਦਾ ਹੈ ਕਿ ਉਸ ਵਿੱਚ ਜਾਣੇ ਅਨਜਾਣੇ ਅਜਿਹੇ ਲੋਕ ਸ਼ਾਮਲ ਹੋ ਹੀ ਜਾਇਆ ਕਰਦੇ ਹਨ। ਅਜਿਹੇ ਅਨਸਰਾਂ ਦੀ ਮੌਜੂਦਗੀ ਨਾਲ ਸਬੰਧਿਤ ਮੁਹਿੰਮ ਦਾ ਕੇਂਦਰੀ ਮੁੱਦਾ ਅਕਸਰ ਗਾਇਬ ਹੋ ਜਾਇਆ ਕਰਦਾ ਹੈ। ਸਿੱਟਾ ਇਹ ਨਿਕਲਦਾ ਹੈ ਕਿ ਅਸਲ ਮੁੱਦੇ ਦੀ ਥਾਂ ਵਿਵਾਦ ਕੇਂਦਰੀ ਸਥਾਨ ਗ੍ਰਹਿਣ ਕਰ ਲੈਂਦੇ ਹਨ। ਇਸ ਕਾਫਲੇ ਨਾਲ ਵੀ ਅਜਿਹਾ ਹੁੰਦਾ ਜਾ ਰਿਹਾ ਹੈ। ਮੀਡੀਆ ਵਿੱਚ ਆਈਆਂ ਰਿਪੋਰਟਾਂ ਮੁਤਾਬਕ ਕਾਫਲੇ ਵਿੱਚ ਕਈ ਇੰਮੀਗਰਾਂਟ ਵਿਰੋਧੀ, ਨਸਲਵਾਦੀ ਫਿਤਰਤ ਵਾਲੇ ਲੋਕ ਸ਼ਾਮਲ ਹੋ ਕੇ ਆਪਣਾ ਏਜੰਡਾ ਪ੍ਰਚਾਰਨ ਲੱਗੇ ਹੋਏ ਹਨ। ਇਹਨਾਂ ਅਨਸਰਾਂ ਦੀ ਮੌਜੂਦਗੀ ਕਈ ਗਲਤ ਅਫਵਾਹਾਂ ਨੂੰ ਵੀ ਜਨਮ ਦੇ ਰਹੀ ਹੈ।

ਮਿਸਾਲ ਵਜੋਂ ਕੁਦਰਤੀ ਸ੍ਰੋਤਾਂ ਬਾਰੇ ਫੈਡਰਲ ਮੰਤਰੀ ਅਮਰਜੀਤ ਸਿੰਘ ਸੋਹੀ ਨੇ ਇਸ ਕਾਫਲੇ ਦੀ ਸੰਦਰਭ ਵਿੱਚ ਗੱਲ ਕਰਦੇ ਹੋਏ ਮੰਨਿਆ ਹੈ ਕਿ ਉਹ ਆਮ ਅਲਬਰਟਾ ਵਾਸੀ ਦੇ ਰੋਸ ਨੂੰ ਸਮਝਦੇ ਹਨ। ਮਜ਼ੇਦਾਰ ਗੱਲ ਇਹ ਕਿ ਉਹਨਾਂ ਨੇ ਮੰਤਰੀ ਵਜੋਂ ਕਾਰਬਨ ਗੈਸ ਜਾਂ ਗੈਸ ਪਾਈਪਲਾਈਨਾਂ ਬਾਰੇ ਖਦਸ਼ੇ ਦੂਰ ਕਰਨ ਦੀ ਥਾਂ ਮੁੱਦੇ ਦਾ ਤੋੜਾ ਐਂਡਰੀਊ ਸ਼ੀਅਰ ਉੱਤੇ ਝਾੜ ਦਿੱਤਾ ਕਿ ਉਹ ਗਲਤ ਅਨਸਰਾਂ ਨੂੰ ਸ਼ਹਿ ਕੇ ਲੋਕਾਂ ਨੂੰ ਵਰਗਲਾ ਰਿਹਾ ਹੈ। ਕਾਰਣ ਕਿ ਐਂਡਰੀਊ ਸ਼ੀਅਰ ਨੇ ਇਸ ਕਾਫਲੇ ਦੇ ਮੈਂਬਰਾਂ ਨੂੰ ਸੰਬੋਧਨ ਕੀਤਾ ਸੀ ਅਤੇ ਆਪਣੀ ਪਾਰਟੀ ਦੇ ਏਜੰਡੇ ਮੁਤਾਬਕ ਲਿਬਰਲ ਸਰਕਾਰ ਦੀ ਕਾਰਬਨ ਟੈਕਸ ਦੀ ਨਿਖੇਧੀ ਕੀਤੀ ਸੀ।

United We Roll ਕਾਫਲੇ ਵਿੱਚ ਯੈਲੋ ਵੈਸਟ (Yellow Vests movement) ਦੇ ਮੈਂਬਰ ਵੀ ਹਿੱਸਾ ਬਣ ਚੁੱਕੇ ਹਨ ਜਿਹੜੇ ਇੱਕ ਅੰਤਰਰਾਸ਼ਟਰੀ ਬਾਗੀ ਸੁਰ ਵਾਲੀ ਮੁਹਿੰਮ ਦਾ ਹਿੱਸਾ ਹਨ। ਯੈਲੋ ਵੈਸਟ ਉਹ ਮੁਹਿੰਮ ਹੈ ਜੋ ਨਵੰਬਰ 2018 ਵਿੱਚ ਫਰਾਂਸ ਵਿੱਚ ਇੱਕ ਆਨਲਾਈਨ ਪਟੀਸ਼ਨ ਦੇ ਮਾਧਿਅਮ ਨਾਲ ਆਰੰਭ ਹੋਈ ਸੀ। ਇਹ ਮੁਹਿੰਮ ਵੱਧ ਰਹੇ ਗੈਸਾਂ ਦੇ ਭਾਅ, ਗਰੀਬੀ ਅਤੇ ਟੈਕਸਾਂ ਦੇ ਗਰੀਬਾਂ ਉੱਤੇ ਪੈਂਦੇ ਉਲਟੇ ਅਸਰ ਵਰਗੇ ਮੁੱਦਿਆਂ ਨੂੰ ਲੈ ਕੇ ਚੱਲੀ ਸੀ ਜਿਸਨੂੰ ਦਿਨਾਂ ਵਿੱਚ ਹੀ ਲੱਖਾਂ ਲੋਕਾਂ ਦਾ ਸਮਰੱਥਨ ਮਿਲਿਆ। ਇਸ ਮੁਹਿੰਮ ਨੂੰ ਦਿਹਾਤੀ ਅਤੇ ਅਰਧ ਸ਼ਹਿਰੀ ਇਲਾਕਿਆਂ ਵਿੱਚ ਵਧੇਰੇ ਕਬੂਲ ਕੀਤਾ ਗਿਆ ਜਿੱਥੇ ਅਜਿਹੇ ਲੋਕਾਂ ਦੀ ਨਫਰੀ ਅਕਸਰ ਮਿਲ ਜਾਂਦੀ ਹੈ ਜੋ ਸਥਾਪਿਤ ਤੰਤਰ ਨੂੰ ਚੁਣੌਤੀ ਦੇਣ ਵਿੱਚ ਯਕੀਨ ਰੱਖਦੇ ਹਨ। ਜਨਵਰੀ 2019 ਵਿੱਚ ਇਸ ਮੁਹਿੰਮ ਨੇ ਥੋੜੇ ਬਹੁਤੇ ਪੈਰ ਕੈਨੇਡਾ ਵਿੱਚ ਵੀ ਪੱਕੇ ਕਰ ਲਏ। ਇਸਦੇ ਮੁੱਦੇ ਹੀ ਆਮ ਕਰਕੇ United We Roll ਕਾਫਲੇ ਵਾਲਿਆਂ ਨੇ ਅਪਣਾਏ ਹੋਏ ਹਨ।

United We Roll ਮੁਹਿੰਮ ਦੇ ਕਰਤਾਧਰਤਾਵਾਂ ਨੇ ਜੇ ਕੇਂਦਰੀ ਮੁੱਦੇ ਉੱਤੇ ਕਾਇਮ ਰਹਿਣਾ ਹੈ ਤਾਂ ਇਸਦੇ ਆਗੂਆਂ ਨੂੰ ਸੁਚੇਤ ਹੋ ਕੇ ਗਲਤ ਅਨਸਰਾਂ ਤੋਂ ਦੂਰ ਰਹਿਣਾ ਹੋਵੇਗਾ। ਇਸਦੇ ਉਲਟ ਜੇ ਉਹ ਆਪਣੇ ਪਲੇਟਫਾਰਮ ਨੂੰ ਰੀਬੈਲ ਮੀਡੀਆ ਦੀ 'ਗੋਲਡੀ ਫੇਥ' (Goldy Faith) ਦੇ ਧੱਕੇ ਚੜਾ ਦੇਣਗੇ ਤਾਂ ਜਲਦੀ ਹੀ ਆਪਣਾ ਮੂਲ ਉਦੇਸ਼ ਨੂੰ ਖੋ ਬੈਠਣਗੇ ਅਤੇ ਆਮ ਕੈਨੇਡੀਅਨਾਂ ਨੂੰ ਦੂਰ ਕਰ ਬੈਠਣਗੇ। ਅਜਿਹਾ ਕਰਕੇ ਉਹ ਖ਼ੁਦ ਦਾ ਨੁਕਸਾਨ ਤਾਂ ਕਰਨਗੇ ਹੀ ਨਹੀਂ ਸਮਾਜ ਨੂੰ ਦੁਫਾੜ ਕਰਨ ਵਾਲੇ ਪਾਸੇ ਲੈ ਜਾਣ ਵਿੱਚ ਰੋਲ ਅਦਾ ਕਰਨਗੇ।

## ਆਟਿਜ਼ਮ ਦਾ ਸ਼ਿਕਾਰ ਬੱਚਿਆਂ ਦੇ ਮਾਪਿਆਂ 'ਤੇ ਕੀਤੀਆਂ ਟਿੱਪਣੀਆਂ ਕਾਰਨ ਫੋਰਡ ਨੇ ਐਮਪੀਪੀ ਨੂੰ ਕੀਤਾ ਸਸਪੈਂਡ

...ਪੰਨਾ 1 ਦਾ ਬਾਕੀ



ਕੁੱਝ ਮਾਪਿਆਂ ਨੇ ਆਖਿਆ ਕਿ ਰੈਂਡੀ ਹਿਲੀਅਰ ਨੇ ਪ੍ਰਸ਼ਨ ਕਾਲ ਮੁੱਕਣ ਤੋਂ ਪਹਿਲਾਂ ਉਨ੍ਹਾਂ ਨੂੰ ਮੁਖਾਤਬ ਹੁੰਦਿਆਂ ਇਸ ਮੁੱਦੇ ਨੂੰ ਕੋਰੀ ਬਕਵਾਸ ਆਖਿਆ। ਪਰ ਹਿਲੀਅਰ ਨੇ ਆਖਿਆ ਕਿ ਉਨ੍ਹਾਂ ਦੀ ਟਿੱਪਣੀ ਅਸਲ ਵਿੱਚ ਐਨਡੀਪੀ ਲਈ ਸੀ। ਫਿਰ ਵੀ ਫੋਰਡ ਨੇ ਹਿਲੀਅਰ ਨੂੰ ਅਣਮਿੱਥੇ ਸਮੇਂ ਲਈ ਟੋਰੀ ਕਾਕਸ ਤੋਂ ਸਸਪੈਂਡ ਕਰ ਦਿੱਤਾ। ਫੋਰਡ ਨੇ ਆਖਿਆ ਕਿ ਉਸ ਦੀਆਂ ਟਿੱਪਣੀਆਂ ਆਟਿਜ਼ਮ ਵਾਲੇ ਬੱਚਿਆਂ ਦੇ ਮਾਪਿਆਂ ਲਈ ਬੜੀਆਂ ਅਪਮਾਨ-ਜਨਕ ਸਨ। ਫੋਰਡ ਨੇ ਆਖਿਆ ਕਿ ਹਿਲੀਅਰ ਨੇ ਆਪਣੀਆਂ ਅਜਿਹੀਆਂ ਟਿੱਪਣੀਆਂ ਨਾਲ ਹੱਦ ਪਾਰ ਕਰ ਲਈ ਹੈ ਤੇ ਇਸ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।

ਇਸ ਉੱਤੇ ਹਿਲੀਅਰ ਨੇ ਆਖਿਆ ਕਿ ਉਨ੍ਹਾਂ ਨੂੰ ਬਹੁਤ ਹੀ ਦੁੱਖ ਹੈ ਜੇ ਐਨਡੀਪੀ ਲਈ ਕੀਤੀਆਂ ਟਿੱਪਣੀਆਂ ਕਾਰਨ ਪਰਿਵਾਰ ਦੁਖੀ ਹੋਏ ਹਨ। ਉਨ੍ਹਾਂ ਆਖਿਆ ਕਿ ਉਹ ਮਾਪਿਆਂ ਤੋਂ ਮੁਆਫੀ ਮੰਗਦੇ ਹਨ ਕਿ ਐਨਡੀਪੀ ਲਈ ਕੀਤੀਆਂ ਟਿੱਪਣੀਆਂ ਬਾਰੇ ਉਹ ਇਹ ਸਮਝ ਬੈਠੇ ਕਿ ਉਹ ਉਨ੍ਹਾਂ ਲਈ ਕੀਤੀਆਂ ਗਈਆਂ ਹਨ। ਇਹ ਗੱਲ ਉਨ੍ਹਾਂ ਨੂੰ ਨਹੀਂ ਆਖੀ ਗਈ ਤੇ ਨਾ ਹੀ ਆਖੀ ਜਾ ਸਕਦੀ ਹੈ।

ਜ਼ਿਕਰਯੋਗ ਹੈ ਕਿ ਚਿਲਡਰਨ, ਕਮਿਊਨਿਟੀ ਐਂਡ ਸੋਸ਼ਲ ਸਰਵਿਸਿਜ਼ ਮੰਤਰੀ ਲੀਜ਼ਾ ਮੈਕਲਿਓਡ ਨੇ ਆਟਿਜ਼ਮ ਸਬੰਧੀ ਫੰਡਿੰਗ ਵਿੱਚ ਤਬਦੀਲੀਆਂ ਦਾ ਐਲਾਨ ਕੀਤਾ ਸੀ ਜਿਸ ਤਹਿਤ ਆਖਿਆ ਗਿਆ ਕਿ ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਪਰਿਵਾਰਾਂ ਨੂੰ 20,000 ਡਾਲਰ ਇਲਾਜ ਲਈ ਮਿਲੇਗਾ ਤੇ ਛੇ ਤੋਂ 18 ਸਾਲ ਦੇ ਬੱਚਿਆਂ ਦੇ ਇਲਾਜ ਲਈ ਸਾਲ ਦਾ 5000 ਡਾਲਰ ਮਿਲੇਗਾ। ਪਰ ਇੰਟੈਂਸਿਵ ਥੈਰੇਪੀ ਸਾਲ ਦੀ 80,000 ਡਾਲਰ ਤੱਕ ਪੈ ਸਕਦੀ ਹੈ। ਪਰ ਕੁੱਝ ਮਾਪਿਆਂ ਨੇ ਮੰਗ ਕੀਤੀ ਕਿ ਇਹ ਫੰਡਿੰਗ ਉਮਰ ਦੀ ਥਾਂ ਬੱਚਿਆਂ ਦੀਆਂ ਵਿਅਕਤੀਗਤ ਲੋੜਾਂ ਦੇ ਹਿਸਾਬ ਨਾਲ ਤੈਅ ਹੋਣੀ ਚਾਹੀਦੀ ਹੈ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia
- Gyan Singh
- Angrej Singh
Office Admin Assistant - Priya Sodhi
Marketing Executives - HS Nagpal
- Gurpreet Singh Pall
-
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਬਰੈਂਪਟਨ ਤੇ ਰਾਇਰਸਨ ਯੂਨੀਵਰਸਿਟੀ ਮੌਜੂਦਾ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਚੁੱਕੇਗੀ ਕਦਮ

...ਪੰਨਾ 1 ਦਾ ਬਾਕੀ




ਨਵਾਂ ਸਾਈਬਰਸਕਿਓਰ ਕੈਟਾਲਿਸਟ ਵੀ ਡਾਊਨਟਾਊਨ ਬਰੈਂਪਟਨ ਵਿੱਚ ਹੀ ਕਾਇਮ ਕੀਤਾ ਜਾਵੇਗਾ। ਇਹ ਸਾਇਬਰਸਕਿਊਰਿਟੀ ਲਈ ਕੈਨੇਡਾ ਦਾ ਨਵਾਂ ਨੈਸ਼ਨਲ ਸੈਂਟਰ ਹੋਵੇਗਾ। ਇੱਥੇ ਪ੍ਰੋਫੈਸ਼ਨਲ ਟਰੇਨਿੰਗ ਦਿੱਤੀ ਜਾਵੇਗੀ, ਰਿਸਰਚ ਤੇ ਵਿਕਾਸ ਹੋਵੇਗਾ ਤੇ ਇਸ ਦੇ ਨਾਲ ਨਾਲ ਜਨਤਾ ਨੂੰ ਸਿੱਖਿਅਤ ਕੀਤਾ ਜਾਵੇਗਾ। ਸਾਇਬਰਸਕਿਊਰਿਟੀ ਨਾਲ ਕੰਪਿਊਟਰ ਸਿਸਟਮ ਦੀ ਹਿਫਾਜ਼ਤ, ਨੈੱਟਵਰਕਜ਼ ਤੇ ਡਿਜੀਟਲ ਅਟੈਕਸ ਸਬੰਧੀ ਪ੍ਰੋਗਰਾਮ ਤੇ ਸਾਈਬਰਕ੍ਰਾਈਮ ਵਰਗੇ ਵਿਸ਼ੇ ਜੁੜੇ ਹਨ।

ਇਸ ਮੌਕੇ ਇਕਨੌਮਿਕ ਡਿਵੈਲਪਮੈਂਟ ਕਮੇਟੀ ਦੇ ਚੇਅਰ ਤੇ ਰੀਜਨਲ ਕਾਊਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਨੇ ਆਖਿਆ ਕਿ ਭਾਵੇਂ ਪ੍ਰੋਵਿੰਸ ਵੱਲੋਂ ਸਾਡੀ ਯੂਨੀਵਰਸਿਟੀ ਲਈ ਫੰਡਿੰਗ ਨੂੰ ਹਾਲ ਦੀ ਘੜੀ ਰੋਕਿਆ ਗਿਆ ਹੈ ਪਰ ਰਾਇਰਸਨ ਨਾਲ ਸਾਡੀ ਭਾਈਵਾਲੀ ਨੂੰ ਮਜ਼ਬੂਤ ਕਰਨ ਦਾ ਇਹ ਫੈਸਲਾ ਸਥਾਨਕ ਵਾਸੀਆਂ ਵਿੱਚ ਇਹ ਭਰੋਸਾ ਪੈਦਾ ਕਰੇਗਾ ਕਿ ਅਸੀਂ ਬਰੈਂਪਟਨ ਵਿੱਚ ਯੂਨੀਵਰਸਿਟੀ ਲਿਆਉਣ ਲਈ ਵਚਨਬੱਧ ਹਾਂ। ਇਸ ਨਾਲ ਰਾਇਰਸਨ ਨੂੰ ਵੀ ਪ੍ਰੋਵਿੰਸ਼ੀਅਲ ਤੇ ਫੈਡਰਲ ਪੱਧਰ ਉੱਤੇ ਫੰਡ ਹਾਸਲ ਕਰਨ ਲਈ ਦਾਅਵੇਦਾਰੀ ਹਾਸਲ ਹੋ ਜਾਵੇਗੀ। ਉਨ੍ਹਾਂ ਆਖਿਆ ਕਿ ਇੱਕ ਅੰਦਾਜ਼ੇ ਮੁਤਾਬਕ ਸਾਲ 2019 ਦੇ ਅਖੀਰ ਤੱਕ ਲੱਗਭਗ 1.5 ਮਿਲੀਅਨ ਅਸਾਮੀਆਂ ਅਜਿਹੀਆਂ ਹੋਣਗੀਆਂ ਜਿਨ੍ਹਾਂ ਨੂੰ ਪੁਰ ਕਰਨਾ ਬਾਕੀ ਹੋਵੇਗਾ। ਇਸ ਲਈ ਆਉਣ ਵਾਲੇ ਸਮੇਂ ਵਿੱਚ ਸਾਡੀ ਸਿਟੀ ਨਵੀਆਂ ਨੌਕਰੀਆਂ ਸਿਰਜੇਗੀ ਤੇ ਇਨੋਵੇਸ਼ਨ ਵਿੱਚ ਵਾਧਾ ਹੋਵੇਗਾ।

## ਜਗਮੀਤ ਸਿੰਘ ਐਲਐਨਜੀ ਕੈਨੇਡਾ ਦੇ ਹੱਕ 'ਚ, ਪਾਰਟੀ ਵਿਰੋਧ 'ਚ

...ਪੰਨਾ 1 ਦਾ ਬਾਕੀ

ਮਾਂਟਰੀਅਲ ਵਿੱਚ ਆਊਟਰਮੌਂਟ ਤੋਂ ਜ਼ਿਮਨੀ ਚੋਣ ਲੜਨ ਵਾਲੀ ਜੂਲੀਆ ਸਾਂਚੇਜ਼ ਵੱਲੋਂ ਵੀ ਅਜਿਹੇ ਪ੍ਰੋਜੈਕਟਾਂ ਲਈ ਜਨਤਾ ਦਾ ਪੈਸਾ ਲਾਉਣ ਤੋਂ ਇਤਰਾਜ਼ ਪ੍ਰਗਟਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਜਗਮੀਤ ਸਿੰਘ ਬਰਨਾਬੀ ਸਾਊਥ ਤੋਂ ਜ਼ਿਮਨੀ ਚੋਣ ਲੜ ਕੇ ਪਾਰਲੀਆਮੈਂਟ ਵਿੱਚ ਥਾਂ ਪੱਕੀ ਕਰਨੀ ਚਾਹੁੰਦੇ ਹਨ।

ਜਗਮੀਤ ਸਿੰਘ ਵੱਲੋਂ ਟਰਾਂਸ ਮਾਊਨਟੇਨ ਪਾਈਪਲਾਈਨ ਦੇ ਪਸਾਰ ਦਾ ਵਿਰੋਧ ਕੀਤਾ ਜਾ ਰਿਹਾ ਹੈ। ਅਜਿਹਾ ਇਸ ਲਈ ਕਿਉਂਕਿ ਇਸ ਨਾਲ ਮੈਟਰੋ ਵੈਨਕੂਵਰ ਸ਼ਹਿਰ ਤੋਂ ਟੈਂਕਰ ਟਰੈਫਿਕ ਵੱਧ ਜਾਵੇਗਾ ਪਰ ਉਨ੍ਹਾਂ ਲੀਕੁਈਫਾਈਡ ਨੈਚੁਰਲ ਗੈਸ ਪਾਈਪਲਾਈਨ ਤੇ ਐਕਸਪੋਰਟ ਫੈਸਿਲਿਟੀ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇੰਡੀਜੀਨਸ ਚੀਫਜ਼ ਵੱਲੋਂ ਵੀ ਇਸ ਤਰ੍ਹਾਂ ਦੇ ਪ੍ਰੋਜੈਕਟ ਦਾ ਵਿਰੋਧ ਕੀਤਾ ਜਾ ਰਿਹਾ ਸੀ ਤੇ ਆਰਸੀਐਮਪੀ ਨੇ 14 ਲੋਕਾਂ ਨੂੰ ਪਿਛਲੇ ਮਹੀਨੇ ਗ੍ਰਿਫਤਾਰ ਵੀ ਕੀਤਾ ਸੀ ਪਰ ਬਾਅਦ ਵਿੱਚ ਇਨ੍ਹਾਂ ਚੀਫਜ਼ ਨਾਲ ਪੁਲਿਸ ਵੱਲੋਂ ਡੀਲ ਸਿਰੇ ਚੜ੍ਹਾਈ ਗਈ ਤੇ ਉਹ ਪਾਈਪਲਾਈਨ ਦਾ ਕੰਮ ਜਾਰੀ ਰੱਖਣ ਲਈ ਰਾਜ਼ੀ ਹੋ ਗਏ।

ਘੱਟ ਫੰਡਰੇਜ਼ਿੰਗ ਤੇ ਚੋਣਾਂ ਵਿੱਚ ਪਾਰਟੀ ਦਾ ਸਮਰਥਨ ਘਟਣ ਕਾਰਨ ਜਗਮੀਤ ਸਿੰਘ ਨੂੰ ਪਾਰਟੀ ਵਿੱਚੋਂ ਹੀ ਨੁਕਤਾਚੀਨੀ ਦਾ ਸਾਹਮਣਾ ਕਰਦਿਆਂ ਹੋਇਆਂ ਵੀ ਏਕਤਾ ਦਾ ਮੁਜ਼ਾਹਰਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਜੇ ਉਹ ਸੋਮਵਾਰ ਨੂੰ ਜ਼ਿਮਨੀ ਚੋਣ ਜਿੱਤ ਜਾਂਦੇ ਹਨ ਤਾਂ ਉਹ ਵਾਤਾਵਰਣ ਵਿੱਚ ਹੋ ਰਹੀਆਂ ਤਬਦੀਲੀਆਂ ਲਈ ਆਪਣੇ ਹੀ ਕਾਕਸ ਵੱਲੋਂ ਸਖ਼ਤ ਕਦਮ ਚੁੱਕਣ ਦੀ ਕੀਤੀ ਜਾ ਰਹੀ ਮੰਗ ਦਾ ਟਾਕਰਾ ਕਰ ਸਕਣਗੇ।

## 19 ਮਈ ਨੂੰ ਕਰਵਾਈ ਜਾ ਰਹੀ 'ਸੱਤਵੀਂ ਇਨਸਪੀਰੇਸ਼ਨਲ ਸਟੈੱਪਸ' ਲਈ ਔਨ-ਲਾਈਨ ਰਜਿਸਟ੍ਰੇਸ਼ਨ ਸ਼ੁਰੂ

ਬਰੈਂਪਟਨ, (ਡਾ.ਝੰਡ) -ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਵੱਲੋਂ ਪਿਛਲੇ ਛੇ ਸਾਲਾਂ ਤੋਂ ਲਗਾਤਾਰ ਕਰਵਾਈ ਜਾ ਰਹੀ 'ਇੰਸਪੀਰੇਸ਼ਨਲ ਸਟੈੱਪਸ' ਇਸ ਸਾਲ ਸੱਤਵੇਂ ਪੜਾਅ ਵਿਚ ਦਾਖ਼ਲ ਹੋ ਗਈ ਹੈ। ਇਸ ਵਾਰ ਇਹ 19 ਮਈ ਦਿਨ ਐਤਵਾਰ ਨੂੰ ਕਰਵਾਈ ਜਾ ਰਹੀ ਹੈ ਅਤੇ ਇਸ ਦੇ ਲਈ ਔਨ-ਲਾਈਨ ਰਜਿਸਟ੍ਰੇਸ਼ਨ ਦਾ ਅਮਲ ਸ਼ੁਰੂ ਹੋ ਚੁੱਕਾ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਫ਼ਾਊਂਡੇਸਨ ਦੇ ਕਨਵੀਨਰ ਪਰਮਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਇਸ ਈਵੈਂਟ ਵਿਚ ਪਿਛਲੇ ਸਾਲ 2018 ਵਿਚ ਭਾਗ ਲੈਣ ਵਾਲਿਆਂ ਨੂੰ ਈ-ਮੇਲਜ਼ ਭੇਜ ਦਿੱਤੀਆਂ ਗਈਆਂ ਹਨ।



ਫਾਈਲ ਫੋਟੋ

ਉਨ੍ਹਾਂ ਦੱਸਿਆ ਕਿ ਭਾਗ ਲੈਣ ਵਾਲੇ ਰਜਿਸਟਰਡ ਦੌੜਾਕਾਂ ਦਾ ਸਮਾਂ ਨੋਟ ਕਰਨ ਲਈ ਇਸ ਵਾਰ ਟਾਈਮਿੰਗ-ਚਿੱਪਸ ਲਗਾਈਆਂ ਜਾਣਗੀਆਂ ਤਾਂ ਜੋ ਉਨ੍ਹਾਂ ਦੇ ਦੌੜਨ ਦਾ ਸਮਾਂ ਹੋਰ ਵੀ ਸਹੀ ਤਰੀਕੇ ਨਾਲ ਦਰਜ ਕੀਤਾ ਜਾ ਸਕੇ। ਪੰਜ ਕਿਲੋ ਮੀਟਰ ਦੌੜ ਸ਼ੁਰੂ ਕਰਨ ਦਾ ਸਮਾਂ ਪਿਛਲੇ ਸਾਲ ਨਾਲੋਂ ਕੁਝ ਪਹਿਲਾਂ ਰੱਖਿਆ ਜਾਏਗਾ ਤਾਂ ਜੋ ਇਸ ਵਿਚ ਹਿੱਸਾ ਲੈਣ ਵਾਲੇ ਦੌੜਾਕ ਇਹ ਦੌੜ ਬਾਕੀ ਦੌੜਾਂ ਤੋਂ ਪਹਿਲਾਂ ਸਮਾਪਤ ਕਰ ਸਕਣ।

ਉਨ੍ਹਾਂ ਕਿਹਾ ਕਿ ਇਸ ਈਵੈਂਟ ਵਿਚ ਭਾਗ ਲੈਣ ਲਈ ਰਜਿਸਟ੍ਰੇਸ਼ਨ ਫ਼ੀਸ ਪਿਛਲੇ ਸਾਲ ਵਾਲੀ ਹੀ ਹੈ। ਇਸ ਸਮੇਂ ਇਹ ਫ਼ੀਸ 25 ਡਾਲਰ ਹੈ ਅਤੇ ਆਉਣ ਵਾਲੇ ਅਗਲੇ ਮਹੀਨਿਆਂ ਵਿਚ ਇਹ ਵੱਧਦੀ ਜਾਏਗੀ। ਮਾਰਚ ਵਿਚ ਇਹ 35 ਡਾਲਰ ਹੋਵੇਗੀ ਅਤੇ ਉਸ ਤੋਂ ਅਗਲੇ ਮਹੀਨੇ ਅਪ੍ਰੈਲ ਵਿਚ 45 ਡਾਲਰ ਹੋ ਜਾਏਗੀ। ਇਸ ਲਈ ਇਸ ਈਵੈਂਟ ਵਿਚ ਭਾਗ ਲੈਣ ਵਾਲਿਆਂ ਨੂੰ ਬੇਨਤੀ ਹੈ ਕਿ ਉਹ ਆਪਣੀ ਰਜਿਸਟ੍ਰੇਸ਼ਨ ਸਮੇਂ-ਸਿਰ ਕਰਵਾ ਲੈਣ। ਇਸ ਸਬੰਧੀ ਵਧੇਰੇ ਜਾਣਕਾਰੀ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੀ ਵੈੱਬਸਾਈਟ ''ਗਗਸਚਾ।ਚੋਮ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਇਸ ਈਵੈਂਟ ਵਿਚ ਹਾਫ਼-ਮੈਰਾਥਨ, 12 ਕਿਲੋ ਮੀਟਰ ਅਤੇ 5 ਕਿਲੋਮੀਟਰ ਦੌੜ ਵਿਚ ਹਿਸਾ ਲੈਣ ਲਈ ਰਜਿਸਟ੍ਰੇਸ਼ਨ ਪ੍ਰਿੰਟ ਫ਼ਾਰਮ ਉੱਪਰ ਵੀ ਕਰਵਾਈ ਜਾ ਸਕਦੀ ਹੈ ਅਤੇ ਲਈ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨੂੰ 416-275-9337, ਸਕੱਤਰ ਡਾ. ਜੈਪਾਲ ਸਿੱਧੂ ਨੂੰ 416-837-1562 ਜਾਂ ਕੈਸ਼ੀਅਰ ਰਾਕੇਸ਼ ਸ਼ਰਮਾ ਨੂੰ 416-918-6858 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਇਸ 'ਸੱਤਵੀਂ ਇਨਸਪੀਰੇਸ਼ਨਲ ਸਟੈੱਪਸ' ਦੀ ਰੂਪ-ਰੇਖਾ ਨੂੰ ਸਰਅੰਜਾਮ ਦੇਣ ਲਈ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਡੇਸ਼ਨ ਅਤੇ ਟੀ.ਪੀ.ਏ.ਆਰ.ਕਲੱਬ ਦੇ ਨੁਮਾਇੰਦਿਆਂ ਦੀ ਸਾਂਝੀ ਤਿਆਰੀ ਮੀਟਿੰਗ 24 ਫ਼ਰਵਰੀ ਦਿਨ ਐਤਵਾਰ ਨੂੰ ਜੀ.ਟੀ.ਐੱਮ. ਦੇ ਦਫ਼ਤਰ 7050-ਏ, ਯੂਨਿਟ ਨੰ.11, ਬਰੈਮਲੀ ਰੋਡ, ਮਿਸੀਸਾਗਾ ਵਿਖੇ ਦੁਪਹਿਰ 12.00 ਵਜੇ ਹੋ ਰਹੀ ਹੈ। ਇਸ ਮਹਾਨ ਈਵੈਂਟ ਨਾਲ ਜੁੜੇ ਸੱਜਣਾਂ ਨੂੰ ਮੀਟਿੰਗ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।

## 'ਨਿਊ ਹੋਪ ਸੀਨੀਅਰ ਸਿਟੀਜ਼ਨ ਕਲੱਬ' ਵੱਲੋਂ ਕਸ਼ਮੀਰ ਦੇ ਸ਼ਹੀਦਾਂ ਲਈ ਸ਼ਰਧਾਂਜਲੀ



(ਪੂਰਨ ਸਿੰਘ ਪਾਂਧੀ) ਨਿਊ ਹੋਪ ਸੀਨੀਅਰ ਸਿਟੀਜ਼ਨ ਕਲੱਬ ਦੇ ਪ੍ਰਧਾਨ ਸ੍ਰੀ ਸ਼ੰਭੂ ਦੱਤ ਸ਼ਰਮਾ ਦੇ ਵੀ ਧਾਰਮਿਕ ਸੰਤ ਬਾਬਿਆਂ ਵਾਂਗ ਬਹੁਤ ਸਾਰੇ ਸ਼ਰਧਾਲੂ ਭਗਤ ਹਨ। ਉੱਨ੍ਹਾਂ ਵਿਚੋਂ ਇਕ ਸ਼ਰਧਾਲੂ ਪਰਵਾਰ ਸ੍ਰੀ ਸਤੀਸ਼ ਠੱਕਰ ਤੇ ਸ੍ਰੀਮਤੀ ਰਿੰਪਲ ਠੱਕਰ ਦੀ ਬੇਨਤੀ 'ਤੇ 17 ਫਰਵਰੀ ਨੂੰ ਲੋਕਾਸਟ ਪਲਾਜੇ ਦੇ ਖੂਬਸੂਰਤ ਰੈਸਟੋਰੈਂਟ ਵਿਚ ਕਲੱਬ ਦੀ ਇਕੱਤਰਤਾ ਰਖੀ ਗਈ; ਜਿਸ ਵਿਚ 80 ਦੇ ਕਰੀਬ ਦਰਸ਼ਕ ਸ਼ਾਮਲ ਹੋਏ। ਪਹਿਲਾਂ ਇਹ ਪਰਵਾਰ ਬ੍ਰਹਮਟਨ ਹਸਪਤਾਲ ਲਈ ਇਕ ਮਿਲੀਅਨ ਡਾਲਰ ਦਾਨ ਕਰ ਚੁੱਕਾ ਹੈ ਤੇ ਹੁਣ ਭਾਰਤ ਵਿਚ ਹੋਏ ਸ਼ਹੀਦਾਂ ਦੇ ਪਰਵਾਰਾਂ ਲਈ 20 ਹਜ਼ਾਰ ਡਾਲਰ ਦਾਨ ਕੀਤੇ ਹਨ। ਹੋਰ ਮੌਕਿਆਂ 'ਤੇ ਵੀ ਇਹ ਸੁਭਾਗਾ ਪਰਵਾਰ ਸਮੇ ਸਮੇ ਖੁੱਲ੍ਹੇ ਦਿਲ ਨਾਲ਼ ਮਾਇਕ ਸਹਾਇਤਾ ਕਰਦਾ ਰਹਿੰਦਾ ਹੈ। ਵਰਣਨਯੋਗ ਇਹ ਵੀ ਹੈ ਕਿ ਬਾਬਾ ਰਾਮਦੇਵ ਦਾ ਯੋਗਾ ਵਾਲਾ ਪ੍ਰੋਗਰਾਮ ਵੀ ਇਸ ਪਰਵਾਰ ਨੇ ਕੁਝ ਹੋਰ ਸਾਥੀਆਂ ਨਾਲ ਮਿਲ ਕੇ ਕੀਤਾ ਸੀ। ਇਕੱਤਰਤਾ ਦੇ ਅਜੰਡੇ ਅਨੁਸਾਰ ਸਭ ਤੋਂ ਪਹਿਲਾਂ ਕਸ਼ਮੀਰ ਦੇ ਪੁਲਵਾਮਾ ਅਟੈਕ ਵਿਚ ਹੋਏ ਹਿਰਦੇ ਵੇਦਕ 44 ਤੋਂ ਵਧੇਰੇ ਸ਼ਹੀਦਾਂ ਦੀ ਯਾਦ ਵਿਚ ਦੋ ਮਿੰਟ ਦਾ ਖੜ੍ਹ ਕੇ ਮੋਨ ਕੀਤਾ। ਵਿਛੜਿਆਂ ਦੀ ਯਾਦ ਵਿਚ ਬੇਹੱਦ ਜਜ਼ਬਾਤੀ ਸ਼ਰਧਾਜਲੀ ਪਰਪਣ ਕੀਤੀ, ਦੁੱਖ ਪਰਗਟ ਕੀਤਾ ਤੇ ਪਰਵਾਰਾਂ ਨਾਲ਼ ਡੂੰਘੀ ਹਮਦਰਦੀ ਪਰਗਟ ਕੀਤੀ ਗਈ। ਡਾਕਟਰ ਗੁਰੂ ਦੱਤ ਵੈਦ, ਸ੍ਰੀਮਤੀ ਸੁਨੀਤਾ ਬਰਮਾਨੀ, ਸ੍ਰੀਮਤੀ ਉਸ਼ਾ ਸ਼ਰਮਾ, ਸ੍ਰੀ ਸਤੀਸ਼ ਠੱਕਰ ਤੇ ਮੰਨਨ ਗੁਪਤਾ (ਸੰਚਾਲਕ 'ਰੋਡ ਟੂਡੇ') ਆਦਿ ਨੇ ਦੇਸ਼ ਪਿਆਰ ਦੇ ਗੀਤ ਗਾਏ। ਸ੍ਰੀਰਾਮ ਮੂਰਤੀ ਜੋਸ਼ੀ, ਮੀਤ ਪ੍ਰਧਾਨ ਸ੍ਰੀ ਹਰਭਗਵਾਨ ਮੱਕੜ ਆਦਿ ਬੁਲਾਰਿਆਂ ਨੇ ਜਜ਼ਬਾਤੀ ਭਾਸ਼ਨ ਕੀਤੇ0।

ਇਸ ਮੌਕੇ ਪੂਰਨ ਸਿੰਘ ਪਾਂਧੀ (ਸਭਾ ਦੇ ਡਾਇਰੈਕਟਰ) ਨੇ ਕਸ਼ਮੀਰ ਵਾਦੀ ਵਿਚ ਜੰਗ ਦੀ ਥਾਂ 'ਤੇ ਦੇਸ਼ ਦੇ ਲੀਡਰਾਂ ਤੋਂ ਦੋਹਾਂ ਦੇਸ਼ਾਂ ਦੇ ਆਪਸੀ ਪਿਆਰ ਤੇ ਸਦਭਾਵਨਾ ਵਾਲਾ ਮਾਹੌਲ ਪੈਦਾ ਕਰਨ ਦੀ ਮੰਗ ਕੀਤੀ। ਕਲੱਬ ਦੇ ਜਨਰਲ ਸਕੱਤਰ ਭੀਮ ਸੈਨ ਕਾਲੀਆ, ਕ੍ਰਿਸ਼ਨ ਕੁਮਾਰ ਸਲਵਾਨ, ਰਾਜਿੰਦਰ ਸਿੰਘ ਸਰਾਂ, ਸ੍ਰੀ ਸੁਭਾਸ਼ ਸ਼ਰਮਾ (ਫੋਟੋ ਗ੍ਰਾਫਰ), ਪਰਬੋਧ ਸ਼ਰਮਾ, ਦਲੀਪ ਪਾਰਖ, ਪਰਾਈਮ ਏਸ਼ੀਆ ਦੇ ਨਿਤਨ ਚੋਪੜਾ, ਪੀ ਟੀ ਸੀ ਪੰਜਾਬੀ ਤੋਂ ਦੀਪਿੰਦਰ ਸਿੰਘ ਆਦਿ ਨੇ ਸਮਾਗਮ ਦੀ ਸਫਲਤਾ ਲਈ ਹਾਰਦਿਕ ਸਹਿਯੋਗ ਦਿੱਤਾ। ਅੰਤ ਵਿਚ ਸਭਾ ਦੇ ਪ੍ਰਧਾਨ ਸ੍ਰੀ ਸ਼ੰਭੂ ਦੱਤ ਸ਼ਰਮਾ ਨੇ ਸਰਬੱਤ ਸਾਥੀਆਂ ਦਾ ਅਤੇ ਸਪੈਸ਼ਲ ਦਾਨੀ ਠੱਕਰ ਪਰਵਾਰ ਦਾ ਹਾਰਦਿਕ ਧੰਨਵਾਦ ਕੀਤਾ। ਸਮੂੰਹ ਪਤਵੰਤਿਆਂ ਨੇ ਸਚਾਰੂ ਸੰਚਾਲਨ, ਚੰਗੇ ਪ੍ਰਬੰਧ, ਉੱਤਮ ਭੋਜਨ ਤੇ ਪਰਉਪਕਾਰੀ ਸੇਵਾ ਲਈ ਕਲੱਬ ਦੇ ਪ੍ਰਬੰਧਕਾਂ ਦੀ ਹਾਰਦਿਕ ਪਰਸੰਸਾ ਕੀਤੀ ਤੇ ਧੰਨਵਾਦ ਕੀਤਾ।









# ਜਪੁਜੀ ਸਾਹਿਬ ਦਾ ਵਾਰਤਿਕ ਰੂਪ!

ਅਜੀਤ ਸਿੰਘ ਰੱਖੜਾ
905 794 7882

ਕੁਝ ਦੇਰ ਪਹਿਲਾਂ ਦਾਸ ਨੇ 'ਸੁਖਮਨੀ ਸਾਹਿਬ ਦਾ ਵਾਰਤਿਕ ਰੂਪ' ਨਾਮਕ ਲੇਖ ਲਿਖਿਆ ਸੀ। ਪਾਠਕਾ ਨੇ ਬਹੁਤ ਪਸੰਦ ਕੀਤਾ ਅਤੇ ਵਧੀਆ ਹੁੰਗਾਰਾ ਦਿਤਾ ਹੈ। ਮੁਹਿੰਦਰ ਸਿੰਘ ਆਹਲੂਵਾਲੀਆ ਜੀ ਜੋ ਖੁਦ ਬੜੇ ਚੰਗੇ ਲੇਖਕ ਹਨ, ਨੇ ਕਿਹਾ ਕਿ ਇਹ ਤਾਂ, ਇਕ ਨਵੀ ਅਤੇ ਵਿਲੱਖਣ ਪਿਰਤ ਪਾਈ ਗਈ ਹੈ। ਸੁਖਮਨੀ ਸਾਹਿਬ ਬਾਰੇ ਲਿਖੇ ਵਿਚਾਰ ਉਨ੍ਹਾ ਲਈ ਬਿਲਕੁਲ ਨਵੇਂ ਹਨ ਅਤੇ ਅਜ ਦੇ ਸੰਧਰਬ ਵਿਚ ਬੜੇ ਢੁਕਵੇਂ ਹਨ। ਬਹੁਤ ਸਾਰੇ ਹੋਰ ਪਾਠਕਾ ਨੇ ਫੋਨ ਕਰਕੇ ਆਪਣੀ ਪ੍ਰਸੰਨਤਾ ਪ੍ਰਗਟ ਕੀਤੀ ਹੈ। ਇਸੇ ਹੱਲਾਸ਼ੇਰੀ ਮਿਲਣ ਕਾਰਣ ਹੁਣ ਜਪੁਜੀ ਸਾਹਿਬ ਬਾਰੇ ਲੇਖ ਲਿਖਿਆ ਜਾ ਰਿਹਾ ਹੈ। ਹੁੰਘਾਰੇ ਦੀ ਉਡੀਕ ਰਹੇਗੀ। ਇਨ੍ਹਾ ਲੇਖਾ ਦਾ ਇਕੋ ਇਕ ਮਕਸਦ ਹੈ ਕਿ ਪਾਠਕਾਂ ਨੂੰ ਗੁਰਬਾਣੀ ਦਾ ਸਿਧਾ ਸੰਦੇਸ਼ ਮਿਲੇ। ਜਦ ਅਸੀ ਤੁਕ ਬਾ ਤੁਕ ਮਤਲਬ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਮੁਦੇ ਦੀ ਸੰਦੇਸ਼-ਲੜੀ ਨੂੰ ਭੁਲ ਜਾਂਦੇ ਹਾਂ। ਕਵਿਤਾ ਅਤੇ ਵਾਰਤਕ ਦਾ ਇਹੀ ਇਕ ਵਡਾ ਫਰਕ ਰਹਿੰਦਾ ਹੈ। ਤੁਸੀਂ ਵੇਖਿਆ ਸੁਣਿਆ ਹੋਵੇਗਾ ਕਿ ਸਟੇਜ ਉਪਰੋਂ ਕਵਿਤਾ ਪੜ੍ਹਨ ਮੌਕੇ ਬਹੁਤੇ, ਕਵੀ ਜਨ ਆਪਣੀ ਪੜ੍ਹੀ ਲਾਈਨ ਦੀ ਵਿਆਖਿਆ ਕਰਨ ਬੈਠ ਜਾਂਦੇ ਹਨ ਤਾਂ ਜੋ ਸਰੋਤਿਆਂ ਨੂੰ ਸਹੀ ਮਤਲਬ ਸਮਝ ਪੈ ਜਾਵੇ। ਕਹਿਣ ਤੋਂ ਭਾਵ ਹੈ ਕਿ ਕਵਿਤਾ ਵਿਚ ਸੰਦੇਸ਼ ਬਹੁਤਾ ਪ੍ਰਭਾਵਮਈ ਪ੍ਰਗਟ ਨਹੀਂ ਹੁੰਦਾ।

ਜਪੁਜੀ ਸਾਹਿਬ ਅਤੇ ਜਾਪੁ ਸਾਹਿਬ ਦੋ ਵੱਖ ਵੱਖ ਬਾਣੀਆ ਹਨ ਜੋ ਪ੍ਰਮਾਤਮਾ ਬਾਰੇ ਇਕੋ ਮਕਸਦ ਨਾਲ ਲਿਖੀਆ ਗਈਆਂ ਸਨ। ਰਚਨਾ ਦਾ ਵਿਸ਼ਾ ਵਸਤੂ ਇਕੋ ਹੈ ਪਰ ਲੇਖਕ ਵਖ ਵਖ ਹਨ। ਜਪੁਜੀ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਰਚਨਾ ਅਤੇ ਜਾਪੁ ਸਾਹਿਬ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦੀ ਰਚਨਾ ਹੈ। ਲਗਦਾ ਹੈ ਕਿ ਜਪੁਜੀ ਸਾਹਿਬ ਉਹ ਬਾਣੀ ਹੈ ਜੋ ਬਾਬਾ ਨਾਨਕ ਨੇ ਸਭ ਤੋਂ ਪਹਿਲਾਂ ਉਚਾਰੀ ਜਾਂ ਲਿਖੀ ਸੀ। ਇਸੇ ਲਈ ਇਸਦਾ ਸਥਾਨ ਵੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰੱਥਮ ਪੰਨੇ ਉਪਰ ਹੈ। ਇਸ ਤੋਂ ਵੀ ਪਹਿਲਾਂ ਮੂਲ ਮੰਤਰ ਲਿਖਿਆ ਗਿਆ ਹੈ ਜੋ ਜਪੁਜੀ ਸਾਹਿਬ ਦਾ ਹਿਸਾ ਨਹੀਂ ਕੇਵਲ 'ਮੰਗਲਾ ਚਰਣ' ਹੈ। ਮੰਗਲਾ ਚਰਣ ਜਾਂ ਬੰਦਨਾ ਪੁਰਾਤਨ ਸਮੇ ਕਵੀਜਨ ਅਮੂਮਨ ਕਿਸੇ ਸਬਜੈਕਟ ਉਪਰ ਲਿਖਣ ਤੋਂ ਪਹਿਲਾਂ ਲਿਖਿਆ ਕਰਦੇ ਸਨ, ਜਿਵੇਂ ਅਜੋਕੇ ਕਵੀ ਜਨ, ਕਵਿਤਾ ਪੜਨ ਤੋਂ ਪਹਿਲਾਂ ਇਕ ਅੱਧਾ ਸ਼ੇਅਰ ਬੋਲਦੇ ਹਨ। ਮੰਗਲਾ ਚਰਣ ਅਮੂਮਨ ਇਕ ਅਰਦਾਸ ਵਜੋਂ ਲਿਖਿਆ ਜਾਂਦਾ ਸੀ ਤਾਂ ਜੋ ਸਾਧੇ ਗਏ ਵਿਸ਼ੇ ਉਪਰ ਵਧੀਆ ਵਧੀਆ ਸ਼ਬਦ ਸੁਝਣ। ਕਈ ਵਾਰ ਤੁਸੀਂ ਕਲਾਕਾਰ ਲੋਕਾਂ ਨੂੰ ਸਟੇਜ ਉਪਰ ਚੜ੍ਹਨ ਤੋਂ ਪਹਿਲਾਂ ਮੱਥਾ ਟੇਕਦੇ ਜਾ ਕੰਨਾ ਨੂੰ ਬਾਰੀ ਬਾਰੀ ਛੂੰਹਦੇ ਵੇਖਿਆ ਹੋਵੇਗਾ। ਇਹ ਸਭ ਕੁਝ 'ਮੰਗਲਾ ਚਰਣ' ਵਾਂਗ ਹੁੰਦਾ ਹੈ। ਕੋਈ ਵੀ ਕੰਮ ਅਰੰਭਣ ਤੋਂ ਪਹਿਲਾਂ ਲੰਬਾ ਸਾਹ ਖਿਚਿਆ ਜਾਦਾ ਹੈ ਤਾਂ ਜੋ ਸਰੀਰਕ ਅਤੇ ਮਾਨਸਿਕ ਸਕਤੀ ਇਕ-ਤਰ ਹੋ ਜਾਵੇ। ਇਹ ਵੀ ਇਕ ਅਰਦਾਸ ਜਾਂ ਮੰਗਲਾਚਰਣ ਵਾਂਗ ਹੀ ਹੁੰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੂਲ ਮੰਤਰ ਕਈ ਬਾਣੀਆਂ ਤੋਂ ਪਹਿਲਾਂ ਲਿਖਿਆ ਤੁਸੀਂ ਵੇਖ ਸਕਦੇ ਹੋ। ਇਸਦਾ ਅਰਥ ਕੇਵਲ ਮੰਗਲਾਚਰਨ ਜਾਂ ਪ੍ਰਮਾਤਮਾ ਨੂੰ ਧਿਆਉਣਾ ਹੈ: ਪ੍ਰਮਾਤਮਾ ਇਕ ਹੈ ਅਤੇ ਸਗਲਾ ਸੰਸਾਰ ਉਸਦਾ ਪਸਾਰਾ ਹੈ। ਉਹ ਜੀਵਾ ਵਾਂਗ ਕਿਸੇ ਜੂਨ ਵਿਚ ਪੈਦਾ ਨਹੀਂ ਹੋਇਆ ਸਗੋਂ ਆਪਣੇ ਆਪ ਵਿਚੋਂ ਖੁਦ ਪ੍ਰਗਟ ਹੋਇਆ ਸੀ। ਉਸਦਾ ਸਰੂਪ ਕਿਸੇ ਸਮੇ ਨਾਲ ਵਾਸਤਾ ਨਹੀਂ ਰਖਦਾ। ਕੋਈ ਨਹੀਂ ਜਾਣਦਾ ਉਹ ਕਦ ਤੋਂ ਵਿਆਪਕ ਹੈ। ਜਪੁਜੀ ਸਾਹਿਬ ਦੀ ਹੀ ਬਾਣੀ ਵਿਚ ਨਹੀਂ ਸਗੋਂ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਣ ਰਚਨਾ ਨੂੰ ਇਸੇ ਮਕਸਦ ਨਾਲ ਰਚਿਆ ਗਿਆ ਹੈ ਕਿ ਪ੍ਰਮਾਤਮਾ ਬਾਰੇ ਜਗਿਆਸੂ ਅੰਦਰ ਇਕ ਲਗਨ ਪੈਦਾ ਹੋਵੇ ਅਤੇ ਸਚਾ ਪ੍ਰੇਮ ਉਦੇ ਹੋਵੇ। ਅਜਿਹਾ ਅਭਿਆਸ ਸਚੇ ਗਿਆਨ ਦੀ ਪਰਾਪਤੀ ਲਈ ਬੜਾ ਜਰੂਰੀ ਹੁੰਦਾ ਹੈ।

ਜਪੋ, ਜਪ ਕਰੋ,ਸਿਮਰਣ ਕਰੋ ਜਾਂ ਹਮੇਸ਼ਾ ਯਾਦ ਰਖੋ ਇਕੋ ਸੰਦੇਸ਼ ਦੇ ਵੱਖ ਵੱਖ ਰੂਪ ਹਨ। ਬਾਬਾ ਨਾਨਕ ਨੇ ਜਪੁਜੀ ਸਾਹਿਬ ਨੂੰ ਇਕ ਕੁੰਜੀਵਤ ਬਾਣੀ ਦੇ ਤੌਰ ਉਪਰ ਰਚਿਆ ਸੀ ਤਾਂ ਜੋ ਅਧਿਆਤਮਕਤਾ ਦੀਆਂ ਵਖ ਵਖ ਗਹਿਰਾਹੀਆਂ ਨੂੰ ਜਾਣਿਆ ਜਾ ਸਕੇ। ਜਪੁਜੀ ਸਾਹਿਬ 38 ਪੌੜੀਆ ਵਿਚ ਲਿਖਿਆ ਗਿਆ ਹੈ। ਪਉੜੀ ਦਾ ਅਰਥ ਕੇਵਲ ਪਉੜੀ ਹੀ ਹੈ। ਨਾਕਿ ਕਿਸੇ ਰਚਣ ਵਿਧੀ ਲਈ ਵਰਤਿਆ ਗਿਆ ਕੋਈ ਸ਼ਬਦ ਹੈ ਜਿਵੇਂ ਸਵਈਏ, ਛੰਦ ਜਾ ਦੋਹਰੇ, ਲਿਖਣ ਵਿਧਾ ਦੇ ਨਾਮ ਹਨ। ਆਮ ਬੋਲੀ ਵਿਚ ਵਰਤਿਆ ਜਾਂਦਾ ਪਉੜੀ ਲਫਜ਼ ਹੀ ਵਰਤਿਆ ਗਿਆ ਹੈ। ਪੌੜਿਆ ਵਾਲੀ ਸੀਹੜੀ ਯਾਨੀ ਪਉੜੀ। ਜਿਵੇਂ ਸੀਹੜੀ ਦੇ ਇਕ ਇਕ ਪਉਡੇ ਉਪਰ ਪੈਰ ਰੱਖ ਰੱਖਕੇ ਉਚਾਈ ਤਕ ਪਹੁੰਚ ਜਾਈਦਾ ਹੈ ਇਵੇਂ ਹੀ ਅਧਿਆਤਮਕਿਤਾ ਦੇ ਮੰਡਲਾ ਦੀ ਉਚਾਈ ਤਕ ਪਹੁੰਚਣ ਲਈ ਜਪੁਜੀ ਸਾਹਿਬ ਦੀਆਂ 38 ਪਉੜੀਆ ਸਹਾਇਕ ਹੁੰਦੀਆਂ ਹਨ।

ਗੁਰੂ ਸਾਹਿਬ ਕਾਇਨਾਤ ਉਪਰ ਇਕ ਡੂੰਘੀ ਝਾਤ ਮਾਰਕੇ ਆਖਦੇ ਹਨ ਕਿ ਸੰਸਾਰ ਵਿਚ ਸਭ ਜੀਵ ਕਿਸੇ ਨਾ ਕਿਸੇ ਆਦਿਤ ਅਧੀਨ ਆਪਣਾ ਦਿਨ ਚਰੀਯ ਕਰਦੇ ਹਨ। ਕੋਈ ਕੁਝ ਅਤੇ ਕੋਈ ਕੁਝ। ਲਗਦਾ ਇਵੇਂ ਹੈ ਕਿ ਜੀਵ ਆਪਣੀ ਮਰਜੀ ਨਾਲ ਇਹ ਕੁਝ ਕਰਦੇ ਫਿਰਦੇ ਹਨ। ਪਰ ਨਾਨਕ ਜੀ ਕਹਿੰਦੇ ਹਨ ਕਿ ਨਹੀਂ ਇਸ ਤਰ੍ਹਾ ਨਹੀਂ ਹੈ। ਇਹ ਸਭ ਕੁਝ ਇਕ ਅਗਮੀ ਹੁਕਮ ਅਨੁਸਾਰ ਹੋ ਰਿਹਾ ਹੈ। ਇਕ ਮਕਸਦ ਨਾਲ ਹੋ ਰਿਹਾ ਹੈ। ਕੁਲ ਦਿਖਦਾ ਸੰਸਾਰ ਜੀਵ ਜੰਤੂ ਪੇੜ ਪੌਦੇ ਅਤੇ ਅਕਾਸ਼ੀ ਧਰਤੀਆ ਵਗੈਰਾ ਸਭ ਉਸਦੇ ਹੁਕਮ ਅਨੁਸਾਰ ਕਾਰਜ ਕਰਦੇ ਹਨ ਜਾਂ ਗਰਦਿਸ਼ ਵਿਚ ਹਨ। ਇਸ ਜਾਣਕਾਰੀ ਦੇ ਭੇਦਾਂ ਨੂੰ ਨਾ ਸੋਚਣ ਨਾਲ, ਨਾ ਚੁਪ ਰਹਿਣ ਨਾਲ ਅਤੇ ਨਾ ਹੀ ਸਮੂਹ ਭੁਖਾ ਮਿਟਾਣ ਨਾਲ ਪਰਾਪਤ ਕੀਤਾ ਜਾ ਸਕਦਾ ਹੈ। ਫਿਰ ਬਾਬਾ ਜੀ ਆਪ ਹੀ ਇਕ ਸਵਾਲ ਕਰਦੇ ਹਨ ਕਿ ਤਾਂ ਫਿਰ ਕਿਹੜੇ ਤਰੀਕੇ ਸਚ ਨੂੰ ਜਾਣਿਆ ਜਾ ਸਕਦਾ ਹੈ? ਯਾਦ ਰਹੇ ਕਿ ਕਵਿਤਾ ਰਚਣ ਵਿਚ ਅਮੂਮਨ ਲਿਖਣ ਦੇ ਵਿਧੀ ਵਿਧਾਨ ਉਪਰ ਵਧੇਰੇ ਧਿਆਨ ਹੁੰਦਾ ਹੈ, ਸਬਜੈਕਟ ਦੀ ਲੜੀਵੱਧਤਾ ਉਪਰ ਲੇਖਕ ਦਾ ਧਿਆਨ ਘਟ ਰਹਿੰਦਾ ਹੈ। ਜਦ ਅਸੀਂ ਜਾਣਕਾਰੀ ਦੇ ਭੇਦਾ ਦੀ ਗਲ ਪੜ੍ਹ ਰਹੇ ਹਾਂ ਤਾਂ ਸੋਚਣ ਅਤੇ ਚੁਪ ਰਹਿਣ ਦੀ ਗਲ ਤਾਂ ਜਚਦੀ ਹੈ ਪਰ ਭੁਖਾਂ ਮਿਟਾਉਣ ਵਾਲੀ ਗਲ ਥੋਹੜਾ ਵਖ ਜਹੀ ਲਗਦੀ ਹੈ। ਇਹੀ ਕਵਿਤਾ ਅਤੇ ਵਾਰਤਿਕ ਦਾ ਫਰਕ ਰਹਿੰਦਾ ਹੈ।

ਇਸਤੋਂ ਪਹਿਲਾਂ ਕਿ ਉਹ ਕੋਈ ਤਰੀਕਾ ਦਸਣ ਉਹ ਸੰਸਾਰ ਵਿਚ ਗਿਆਨ ਪ੍ਰਾਪਤੀ ਲਈ ਪ੍ਰਚਲਤ ਤਰੀਕਿਆਂ ਦਾ ਵਿਵਰਣ ਦੇਂਦੇ ਹਨ। ਦਸਦੇ ਹਨ ਕਿ ਕੋਈ ਗਾਕੇ ਪ੍ਰਮਾਤਮਾ ਦੀਆ ਸ਼ਕਤੀਆ ਬਾਰੇ ਚਰਚਾ ਕਰਦਾ ਹੈ, ਕੋਈ ਕਥਾ ਸੁਣ ਸੁਣਾਕੇ ਉਹੀ ਕੰਮ ਕਰਦਾ ਹੈ ਅਤੇ ਕੋਈ ਉਸ ਵਲੋਂ ਦਿਤੀਆ ਦਾਤਾਂ ਦਾ ਸ਼ੁਕਰਾਨਾ ਕਰਨ ਵਿਚ ਭਗਤੀ ਗਿਣਦਾ ਹੈ। ਲੋਕਾਂ ਦੇ ਮੱਥਾ ਟੇਕਣ ਵਾਲੇ ਵਰਤਾਰੇ ਨੂ ਵੇਖ ਬਾਬਾ ਜੀ ਫਿਰ ਇਕ ਹੋਰ ਸਵਾਲ ਕਰਦੇ ਹਨ ਕਿ ਅਸੀ ਐਸੇ ਦਾਨੀ ਅਗੇ ਕੁਝ ਭੇਟਾ ਦੇਕੇ ਮੱਥਾ ਟੇਕਦੇ ਹਾਂ? ਭਲਾ ਉਸਨੂੰ ਇਸ ਕਾਸੇ ਦੀ ਕੋਈ ਜਰੂਰਤ ਹੈ? ਉਹ ਭੇਤ ਖੋਲਦੇ ਹਨ ਕਿ ਸਭ ਤੋਂ ਸੌਖਾ ਰਸਤਾ ਹੈ ਅਮ੍ਰਿਤ ਵੇਲੇ ਉਠੋ ਜਦ ਸਭ ਪਾਸੇ ਸ਼ਾਂਤੀ ਦਾ ਵਾਸਾ ਹੁੰਦਾ ਹੈ, ਪ੍ਰਭੂ ਦਾ ਸਿਮਰਣ ਕਰੋ ਅਤੇ ਫਿਰ ਵੇਖੋ ਆਪਣੇ ਆਪ ਨੂੰ। ਆਪਣੇ ਮੰਨ ਮੰਦਰ ਵਿਚ ਬੈਠਕੇ ਪ੍ਰਮਾਤਮਾ ਵਿਚ ਲੀਨ ਹੋਵੋ ਅਤੇ ਅਗੰਮੀ ਅਨੰਦ ਵਿਚ ਡੁਬ ਜਾਵੋ। ਇਸੇ ਭੇਤ ਕਾਰਣ ਰਿਵਾਜਨ ਤੌਰ ਉਪਰ ਜਪੁਜੀ ਸਾਹਿਬ ਅਮ੍ਰਿਤ ਵੇਲੇ ਪੜ੍ਹਨ ਵਾਲੀ ਬਾਣੀ ਗਿਣੀ ਗਈ ਹੈ।

ਹਰ ਇਕ ਪਉੜੀ ਦਾ ਇਕ ਆਪਣਾ ਵਿਸ਼ਾ ਹੈ ਜਿਸਨੂੰ ਕਈ ਕਈ ਸ਼ਬਦਾਂ ਨਾਲ ਉਜਾਗਰ ਕੀਤਾ ਗਿਆ ਹੈ। ਗਿਆਨ ਲੈਣ ਦਾ ਸਭ ਤੋਂ ਵਡਾ ਸਰੋਤ ਸੁਣਨਾ ਹੈ। ਸੁਣਨ ਉਪਰ ਬੜਾ ਲੰਬਾ ਚੌੜਾ ਸੁਲੇਖ ਰਚਿਆ ਗਿਆ ਹੈ। ਸੁਣਣ ਦੀ ਮਹਿਮਾ ਅਪਰ ਅਪਾਰ ਹੈ। ਹਰ ਤਰ੍ਹਾ ਦਾ ਗਿਆਨ ਸੁਣਨ ਨਾਲ ਹੀ ਮਿਲਦਾ ਹੈ। ਲਿਖਣਾ ਪੜ੍ਹਨਾ ਬਹੁਤ ਬਾਅਦ ਦੀ ਕਾਢ ਹੈ। ਸਮੂਹ ਜੀਵ ਜੰਤੂਆ ਦਾ ਆਪਸੀ ਤਾਲਮਲ ਅਤੇ ਮੇਲ ਜੋਲ ਆਪਸੀ ਬੋਲੀ ਸੁਣਣ ਨਾਲ ਅਤੇ ਬੋਲੀ ਬੋਲਣ ਨਾਲ ਹੀ ਜੁੜਿਆ ਪਿਆ ਹੈ। ਗਿਆਨ ਇੰਦਰਿਆ ਵਿਚੋਂ ਕੰਨ ਸਰਬੋਤਮ ਇੰਦਰਾ ਹਨ। ਅਜ ਦਾ ਵਿਗਿਆਨ ਇਹ ਤੱਥ ਮੰਨ ਚੁਕਾ ਹੈ ਕਿ ਮਾਤਾ ਦੇ ਗਰਭ ਵਿਚ ਜਦ ਬਚੇ ਦਾ ਸਰੀਰ ਵਿਕਸਤ ਹੋਣਾ ਸ਼ੁਰੂ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਸੁਣਨ ਇੰਦਰਾ ਯਾਨੀ ਕੰਨ ਹੋਂਦ ਵਿਚ ਆਉਂਦੇ ਹਨ।

ਜਪੁਜੀ ਸਾਹਿਬ ਵਿਚ, ਪ੍ਰਮਾਤਮਾ ਨੂੰ ਇਕ ਸ਼ਕਤੀ ਮੰਨ ਲੈਣ ਦੀ ਬੜੀ ਉਪਮਾ ਕੀਤੀ ਗਈ ਹੈ ਅਤੇ ਇਸਨੂੰ ਬਾਰ ਬਾਰ ਦ੍ਰਿੜ ਕੀਤਾ ਗਿਆ ਹੈ। ਹਰ ਦੁਖ ਦੀ ਜਗਿਆਸਾ ਕਰਨੀ ਆ ਜਾਵੇ ਤਾਂ ਉਹ ਗਿਆਨ ਉਸ ਦੁਖ ਦਾ ਇਲਾਜ ਹੀ ਬਣ ਜਾਂਦਾ ਹੈ। ਜਿਸ ਜੀਵ ਦੇ ਹਿਰਦੇ ਵਿਚ ਪ੍ਰਮਾਤਮਾ ਵਸ ਜਾਵੇ ਫਿਰ ਉਸਨੂੰ ਕਿਸੇ ਕਿਸਮ ਦੀ ਚੋਟ ਦਾ ਕਿਸੇ ਦੁਖ ਦਾ ਦਰਦ ਨਹੀਂ ਹੁੰਦਾ। ਅਜਿਹੇ ਮਨੁਖੀ ਜੀਵ ਆਪਣੇ ਆਲੇ ਦੁਆਲੇ ਵਿਚ ਪੰਚਾਂ ਵਾਂਗ ਸਤਿਕਾਰਤ ਪੁਰਖ ਹੋ ਨਿਬੜਦੇ ਹਨ।

ਲੱਖਾਂ ਕਰੋੜਾ ਜਾਂ ਅਸੰਖ, ਗਣਨਾ-ਸ਼ਬਦ, ਗੁਰਬਾਣੀ ਵਿਚ ਬਹੁਤ ਥਾਈ ਵਰਤੇ ਗਏ ਹਨ। ਸਭ ਜਗਾਹ ਇਨ੍ਹਾ ਦੀ ਵਰਤੋਂ ਬੇਹਿਸਾਬ ਗਿਣਤੀ ਦੇ ਤੌਰ ਉਪਰ ਕੀਤੀ ਗਈ ਹੈ। ਗੁਰੂ ਸਾਹਿਬ ਬਹੁਤ ਸਾਰੀਆਂ ਚੀਜ਼ਾ ਦਾ ਵਰਨਣ ਕਰਦੇ ਹਨ ਜੋ ਅਸੰਖਾਂ ਦੀ ਗਿਣਤੀ ਵਿਚ ਹਨ ਜਿਵੇਂ, ਅਸੰਖਾ ਗ੍ਰੰਥ, ਅਸੰਖਾ ਭਗਤ, ਸਤੀ, ਮੋਨ ਵਰਤ ਰੱਖਣ ਵਾਲੇ ਪ੍ਰਮਾਤਮਾ ਵਿਚ ਲੀਨ ਰਹਿਣ ਵਾਲੇ ਲੋਕ ਹਨ, ਪਰ ਇਨ੍ਹਾ ਸਭ ਲਈ ਪ੍ਰਮਾਤਮਾ ਬਾਰੇ ਥਾਹ ਪਾ ਲੈਣੀ ਮੁਮਕਿਨ ਨਹੀਂ ਹੈ। ਉਹ ਕਹਿੰਦੇ ਹਨ ਕਿ ਹੇ ਪ੍ਰਮਾਤਮਾ ਤੂੰ ਸਦਾ ਸਲਾਮਤ ਹੈ ਤੇਰੀਆਂ ਸਿਫਤਾ ਕਰਕੇ ਇਕ ਵਾਰੀ ਵੀ ਤੇਰੇ ਬਾਰੇ ਬਾਰੇ ਨਹੀਂ ਜਾਇਆ ਜਾ ਸਕਦਾ। ਜੋ ਵੀ ਤੂੰ ਕਰਦਾ ਹੈ ਸਭ ਸੰਪੂਰਣ ਹੈ ਅਤੇ ਨਿਪੁੰਨ ਹੈ। ਇਸੇ ਤਰ੍ਹਾ ਨਿਰਾਸ਼ਾਵਾਦੀ ਲੋਕਾਂ ਦੀ ਗਿਣਤੀ ਵੀ ਅਸੰਖਾਂ ਵਿਚ ਹੈ, ਜੋ ਦੂਸਰਿਆ ਦੇ ਗਲੇ ਵਢਣ ਵਾਲੇ ਹਨ, ਨਿੰਦਕ ਹਨ ਝੂਠੇ ਅਤੇ ਫਰੇਬੀ ਹਨ। ਇਨ੍ਹਾ ਬਾਰੇ ਬੁਰੀ ਚਰਚਾ ਕਰਕੇ ਵੀ ਮੈਂ ਕੀ ਲੈਣਾ ਹੈ। ਬਸ ਜੋ ਤੂੰ ਹੈ ਜਾਂ ਜੋ ਵੀ ਤੇਰੇ ਰਾਹੀ ਹੋ ਰਿਹਾ ਹੈ, ਵਧੀਆ ਹੀ ਵਧੀਆ ਹੋ ਰਿਹਾ ਹੈ।

ਫਿਰ ਹੋਰ ਡੂੰਘੇ ਜਾਂਦਿਆਂ ਕਹਿੰਦੇ ਹਨ, ਹੇ ਪ੍ਰਭੂ ਜੋ ਤੇਰੀ ਅਜੀਬੋ ਗ੍ਰੀਬ ਕਾਰਜ ਵਿਧੀ ਹੈ, ਜੇ ਇਸਦਾ ਗਿਆਨ ਮੈਨੂੰ ਸਮਝ ਨਾ ਪੈਂਦਾ ਹੁੰਦਾ ਤਾਂ ਫਿਰ ਤੇਰੀ ਭਗਤੀ ਕਰਨ ਦਾ ਮੈਨੂੰ ਫਾਇਦਾ ਹੀ ਕੀ ਹੋਣਾ ਸੀ। ਮੈਂ ਤੈਨੂੰ ਪੂਰੀ ਤਰ੍ਹਾਂ ਸਮਝ ਰਿਹਾ ਹਾਂ। ਮਤਲਬ ਇਹ ਵੇ ਕਿ ਰੱਬ ਦੀ ਗੁਥੀ ਨੂੰ ਸਮਝਣ ਨਾਲ ਫਿਰ ਉਸਦਾ ਕੋਈ ਵੀ ਕੀਤਾ ਕੰਮ ਮਨੁਖੀ ਮਨ ਨੂੰ ਬੇਅਰਾਮ ਨਹੀਂ ਕਰਦਾ। ਉਸਦੀ ਲੀਲਾ ਵਿਚ ਲੀਨ ਹੋਏ ਗੁਰੂ ਜੀ ਕਹਿੰਦੇ ਹਨ ਕਿ ਮੈਨੂੰ ਕੋਈ ਨਹੀਂ ਪਤਾ ਤੂੰ ਕਦੋ ਦਾ ਇਹ ਕਾਰਜ ਕਰੀ ਜਾ ਰਿਹਾ ਹੈ। ਨਾ ਕਿਸੇ ਰੁਤ ਨਾਲ, ਨਾ ਕਿਸੇ ਦਿਨ ਬਾਰ ਨਾਲ ਅਤੇ ਨਾ ਹੀ ਕਿਸੇ ਸਮੇ ਨਾਲ ਤੇਰੀ ਹੋਂਦ ਨੂੰ ਜੋੜਿਆ ਜਾ ਸਕਦਾ ਹੈ। ਤੇਰੀ ਹੋਂਦ ਦੀ ਮਿਤੀ ਨਾ ਕਿਸੇ ਜੋਗੀ ਨੂੰ ਨਾ ਕਿਸੇ ਪੰਡਤ ਨੂੰ ਅਤੇ ਨਾ ਹੀ ਕਿਸੇ ਕਾਜੀ ਨੂੰ ਪਤਾ ਹੈ ਜਿਨ੍ਹਾ ਨੇ ਵੇਦ ਗ੍ਰੰਥ ਜਾਂ ਕੁਰਾਨ ਲਿਖੇ ਸਨ। ਇਸ ਸਭ ਕਾਸੇ ਬਾਰੇ ਉਹੀ ਜਾਣਦਾ ਹੈ ਜਿਸ ਨੇ ਸਭ ਕੁਝ ਪੈਦਾ ਕੀਤਾ ਹੈ। ਫਿਰ ਉਹ ਹਿੰਦੂਮਤ ਦੇ ਵਿਸ਼ਵਾਸਾਂ ਦੀ ਗਲ ਨੂੰ ਕਟਦੇ ਹੋਏ ਕਹਿੰਦੇ ਹਨ ਕਿ ਧਰਤੀ ਬਲਦ ਦੇ ਸਿੰਗ ਉਪਰ ਟਿਕੀ ਹੈ ਜਾਂ ਤਿੰਨ ਦੇਵਤੇ, ਬਰੱਮਾ ਵਿਸ਼ਨੂੰ ਅਤੇ ਮਹੇਸ਼ ਕੁਲ ਸੰਸਾਰ ਦਾ ਪ੍ਰਬੰਧ ਚਲਾ ਰਹੇ ਹਨ। ਨਾਨਕ ਕਹਿੰਦੇ ਹਨ ਕਿ ਨਹੀਂ ਸਭ ਕੁਝ ਇਕ ਸਿਰਜਣ ਹਾਰ ਰਾਹੀ ਹੋ ਰਿਹਾ ਹੈ ਅਤੇ ਇਹ ਸਭ ਕੁਝ ਇਕੋ ਹੁਕਮ ਯਾਨੀ ਇਕੋ ਨਿਯਮ ਨਾਲ ਬਾਖੂਬੀ ਚਲੀ ਜਾ ਰਿਹਾ ਹੈ। ਸਿਰਜਣ ਹਾਰ ਅਦਿਖ ਹੈ ਅਤੇ ਕਿਸੇ ਸ਼ਕਲ ਵਿਚ ਨਜ਼ਰ ਨਹੀਂ ਆਉਂਦਾ।

ਗੁਰੂ ਸਾਹਿਬ ਕਰਮ ਨੂੰ ਬਹੁਤ ਮਹਤਤਾ ਦੇਂਦੇ ਹਨ। ਦਸਦੇ ਹਨ ਸੰਸਾਰ ਵਿਚ ਕਰਮਾ ਕਾਰਣ ਕੋਈ ਛੋਟਾ ਵਡਾ ਅਖਵਾ ਸਕਦਾ ਹਊ ਪਰ ਪ੍ਰਮਾਤਮਾ ਦੇ ਰੂਬਰੂ ਉਹੀ ਕੰਮ ਭਉਂਦੇ ਹਨ ਜਿਨ੍ਹਾ ਦਾ ਗਿਆਨ ਰੱਬ ਨੂੰ ਮੰਨਣ ਵਾਲੇ ਹਿਰਦਿਆਂ ਵਿਚ ਆਪਣੇ ਆਪ ਉਗਮਦਾ ਹੈ ਕਿ ਅਸੀਂ ਕਾਹਦੇ ਵਾਸਤੇ ਇਸ ਸੰਸਾਰ ਵਿਚ ਆਏ ਹਾਂ। ਇਹੀ ਧਰਮ ਹੈ ਇਹੀ ਫਰਜ਼ ਹੈ ਜਿਸਨੂੰ ਸਮਝਣ ਲਈ ਉਸਦੀ ਬਖਸ਼ਿਸ਼ ਹੋਣਾ ਵੀ ਜਰੂਰੀ ਹੈ। ਇਕ ਵਾਰ ਫਿਰ ਹਿੰਦੂ ਧਰਮ ਦੀ ਵਿਚਾਰ ਦੁਹਰਾਉਦਿਆਂ ਆਖਦੇ ਹਨ ਸੰਸਾਰ ਵਿਚ ਕਈ ਦੇਵਤੇ ਹਨ ਕਈ ਕਰਿਸ਼ਨ ਹਨ ਅਨੇਕਾ ਅਗਨੀਆਂ, ਬੇਓੜਕ ਆਕਾਸ਼ ਅਤੇ ਸਮੁੰਦਰ ਹਨ। ਇਸ ਸਭ ਅਡੰਬਰ ਦਾ ਕੋਈ ਅੰਤ ਨਹੀਂ ਹੈ। ਬਹੁਤ ਸਾਰੀਆ ਹੋਰ ਮਿਸਾਲਾ ਦੇਕੇ ਆਖਦੇ ਹਨ ਕਿ ਉਸਦਾ ਦਰਬਾਰ ਬਹੁਤ ਸੁੰਦਰ ਹੈ ਜਿਥੇ ਸਿਵਾਏ ਠੰਡੀ ਸ਼ਾਂਤੀ ਦੇ ਹੋਰ ਕੁਝ ਨਹੀਂ ਵਾਪਰਦਾ। ਭਗਤ ਇਵੇਂ ਮਹਿਸੂਸ ਕਰਦਾ ਹੈ ਜਿਵੇਂ ਖੁਦ ਪ੍ਰਮਾਤਮਾ ਉਸਦੇ ਅੰਦਰ ਆ ਬਿਰਾ-ਜਆ ਹੋਵੇ। ਆਖਰੀ ਸ਼ਲੋਕ ਵਿਚ ਪ੍ਰਮਾਤਮਾ ਦੀ ਰੂਪ ਰੇਖਾ ਨੂੰ ਵਰਨਣ ਕਰਦੇ ਹੋਏ ਵਿਸ਼ੇ ਨੂੰ ਸਮੇਟਦੇ ਹਨ ਕਿ ਇਹ ਸੰਸਾਰ ਪਵਨ, ਪਾਣੀ ਅਤੇ ਅਗਨੀ ਦੀ ਖੇਡ ਹੈ ਅਤੇ ਧਰਤੀ ਸਾਡੀ ਮਾਂ ਵਾਂਗ ਹੈ। ਦਿਨ ਰਾਤ ਬਣਦੇ ਰਹਿੰਦੇ ਹਨ। ਚੰਗੇ ਮਾੜੇ ਕੰਮ ਹੋਈ ਜਾ ਰਹੇ ਹਨ। ਉਹੀ ਜੀਵ ਬਹਾਦਰ ਹਨ ਅਤੇ ਉਨ੍ਹਾ ਦਾ ਮੂੰਹ ਪਵਿਤਰ ਹੈ ਜਿਨ੍ਹਾ ਨੇ ਪ੍ਰਮਾਤਮਾ ਨੂੰ ਪਹਿਚਾਣਿਆ ਹੈ। ਇਸ ਤਰ੍ਹਾ ਉਨ੍ਹਾ ਦੀ ਘਾਲ ਥਾਏਂ ਪਈ ਹੈ, ਯਾਨੀ ਉਨ੍ਹਾ ਦਾ ਜੀਵਨ ਸਫਲਾ ਹੋਇਆ ਹੈ।

# ਘਰ ਦੀ ਵਾਰਿਸ ਧੀ ਕਿਉਂ ਨਹੀਂ?

-ਮਨਪ੍ਰੀਤ ਮਹਿਨਾਜ਼

ਸਮਾਜ ਵਿੱਚ ਔਰਤ ਦੇ ਸ਼ੋਸ਼ਣ, ਉਸ ਨਾਲ ਹੁੰਦੇ ਵਿਤਕਰੇ ਅਤੇ ਔਰਤ ਪੁਰਸ਼ ਦੀ ਨਾ-ਬਰਾਬਰੀ ਵਿਰੁੱਧ ਵਿਚਾਰ ਵਟਾਂਦਰਾ ਵੱਖ-ਵੱਖ ਮੰਚਾਂ ਤੋਂ ਅਕਸਰ ਹੁੰਦਾ ਹੈ। ਇਨ੍ਹਾਂ ਦਰਮਿਆਨ ਇਕ ਅਜਿਹਾ ਮਸਲਾ ਹੈ, ਜਿਸ ਬਾਰੇ ਗੱਲ ਨਹੀਂ ਹੁੰਦੀ ਜਾਂ ਘੱਟ ਹੁੰਦੀ ਹੈ। ਇਹ ਪੰਜਾਬੀ ਸਮਾਜ ਵਿੱਚ 'ਮੁੰਡਾ ਜੰਮਣ' ਦੀ ਪ੍ਰਬਲ ਇੱਛਾ ਹੈ। ਇਸ ਤੋਂ ਉਪਜੇ ਜਾਂ ਇਸ ਨਾਲ ਜੁੜੇ ਵਿਸ਼ੇਸ਼ ਤਰ੍ਹਾਂ ਦੇ ਸਮਾਜਿਕ ਵਿਹਾਰ ਕਾਰਨ ਕੁੜੀਆਂ ਅਤੇ ਉਨ੍ਹਾਂ ਦੇ ਮਾਪੇ ਅਣਚਾਹੇ ਸਮਾਜਿਕ ਦਬਾਅ ਅਤੇ ਵਿਤਕਰੇ ਦਾ ਸਾਹਮਣਾ ਕਰਦੇ ਹਨ। ਇਹ ਇੱਛਾ ਪੂਰੀ ਕਰਨ ਲਈ ਕਈ ਵਾਰ ਪੁਰਸ਼ਾਂ ਦੇ ਦੂਹਰੀ ਤੀਹਰੀ ਵਾਰ ਵਿਆਹ ਰਚਾਏ ਜਾਂਦੇ ਹਨ। ਕਈ ਵਾਰ ਮਾਪੇ ਵਡੇਰੀ ਉਮਰੇ ਵੀ ਬੱਚੇ ਪੈਦਾ ਕਰਨ ਦਾ ਜ਼ੋਖਮ ਸਹੇੜਦੇ ਹਨ। 2018 ਵਿੱਚ ਇਕ ਮੀਡੀਆ ਰਿਪੋਰਟ ਅਨੁਸਾਰ 60-65 ਸਾਲ ਦੀ ਉਮਰ ਦੇ ਤਿੰਨ ਵਿਆਹੀਆਂ ਧੀਆਂ ਦੇ ਮਾਂ-ਬਾਪ (ਜਿਨ੍ਹਾਂ ਦਾ ਮੁੰਡਾ ਕਿਸੇ ਕਾਰਨ ਜਹਾਨ ਤੋਂ ਤੁਰ ਗਿਆ ਸੀ) ਨੇ ਟੈਸਟ ਟਿਊਬ ਵਿਧੀ ਰਾਹੀਂ ਜ਼ਮੀਨ ਜਾਇਦਾਦ ਦੇ ਵਾਰਿਸ ਪ੍ਰਾਪਤ ਕਰਨ ਲਈ ਜੌੜੇ ਬੱਚੇ (ਇਕ ਮੁੰਡਾ ਅਤੇ ਇਕ ਕੁੜੀ) ਪੈਦਾ ਕੀਤੇ। ਮੀਡੀਆ ਨੇ ਇਸ ਸਾਰੀ ਖਬਰ ਨੂੰ ਵਿਗਿਆਨਕ ਤਰੱਕੀ ਜਾਂ ਕੁਦਰਤੀ ਕ੍ਰਿਸ਼ਮੇ ਵਾਂਗ ਪੇਸ਼ ਕੀਤਾ। ਇਕ ਦੋ ਦਿਨਾਂ ਬਾਅਦ ਵਿਅੰਗ ਵੀ ਸੁਣਨ ਨੂੰ ਮਿਲੇ ਕਿ ਜੇ ਦੋਵੇਂ ਬੱਚੇ ਕੁੜੀਆਂ ਹੀ ਹੁੰਦੀਆਂ, ਫੇਰ ਵਾਰਿਸ ਕਿੱਥੋਂ ਮਿਲਦਾ? ਇਸ ਖਬਰ ਬਾਰੇ ਮੇਰੀ ਬੇਚੈਨੀ ਇਹ ਸੀ ਕਿ ਅਜਿਹੀ ਮਾਨਸਿਕਤਾ ਦੀਆਂ ਜੜ੍ਹਾਂ ਕਿੱਥੇ ਹਨ, ਜਿਸ ਕਾਰਨ ਲੋਕ ਵਡੇਰੀ ਉਮਰੇ ਵੀ ਧੀਆਂ, ਦੋਹਤੇ ਦੋਹਤੀਆਂ ਹੋਣ ਦੇ ਬਾਵਜੂਦ ਪੁੱਤ ਦੀ ਚਾਹਤ ਰੱਖਦੇ ਹਨ। ਕੀ ਧੀ ਘਰ ਦੀ ਵਾਰਿਸ ਨਹੀਂ ਬਣ ਸਕਦੀ?

ਪੁੱਤਾਂ ਲਈ ਮਾਪੇ ਕੰਨਿਆ ਭਰੂਣ ਹੱਤਿਆ ਕਰਦੇ ਹਨ। ਪੰਜਾਬੀ ਲੋਕਧਾਰਾ ਵਿੱਚ ਹਵਾਲੇ ਮਿਲਦੇ ਹਨ ਕਿ ਨਵੀਂ ਜੰਮੀ ਕੁੜੀ ਨੂੰ ਜ਼ਹਿਰੀਲੀ ਚੀਜ਼ ਖੁਆ ਕੇ ਮਾਰ ਦਿੱਤਾ ਜਾਂਦਾ ਸੀ। ਜਦੋਂ ਉਸ ਨੂੰ ਘੜੇ ਵਿੱਚ ਪਾ ਕੇ ਜ਼ਮੀਨ ਵਿੱਚ ਦੱਬਿਆ ਜਾਂਦਾ ਤਾਂ ਉਸ ਦੇ ਮੂੰਹ ਵਿੱਚ ਗੁੜ ਦੀ ਰੋੜੀ ਪਾਈ ਜਾਂਦੀ ਤੇ ਨਾਲ ਰੂੰ ਦੀ ਪੂਣੀ ਰੱਖ ਕੇ ਕਿਹਾ ਜਾਂਦਾ ਸੀ, 'ਗੁੜ ਖਾਈਂ ਪੂਣੀ ਕੱਤੀਂ, ਆਪ ਨ ਆਈਂ, ਵੀਰ ਨੂੰ ਘੱਤੀ।' ਅੱਜ ਇੰਨੇ ਲੰਮੇ ਸਮੇਂ ਬਾਅਦ ਵੀ ਮਾਨਸਿਕਤਾ ਨਹੀਂ ਬਦਲੀ। ਤਕਨੀਕ ਦੇ ਵਿਕਾਸ ਨੇ ਕੁੜੀਆਂ ਨੂੰ ਜੰਮਣ ਤੋਂ ਪਹਿਲਾਂ ਮਾਰਨ ਦੇ ਤਰੀਕੇ ਲੱਭ ਦਿੱਤੇ ਹਨ। ਕਾਨੂੰਨੀ ਤੌਰ 'ਤੇ ਭਾਵੇਂ ਭਰੂਣ ਹੱਤਿਆ ਦੀ ਮਨਾਹੀ ਹੈ, ਪਰ ਮਾਪੇ ਲੁਕ ਛਿਪ ਕੇ ਜਾਂ ਘਰੇਲੂ ਓਹੜ ਪੋਹੜ ਨਾਲ ਅੱਜ ਵੀ ਏਦਾਂ ਕਰਦੇ ਹਨ ਤੇ ਕਈ ਵਾਰ ਜੰਮਣ ਤੋਂ ਬਾਅਦ ਕੁੜੀਆਂ ਨੂੰ ਨਕਾਰ ਦਿੰਦੇ ਹਨ। ਕੂੜੇ ਦੇ ਢੇਰਾਂ 'ਚੋਂ ਮਿਲਦੀਆਂ ਨਵਜੰਮੀਆਂ ਬੱਚੀਆਂ ਇਸ ਦਾ ਸਬੂਤ ਹਨ।

ਹੈਰਾਨੀ ਦੀ ਗੱਲ ਹੈ ਕਿ ਅਸੀਂ ਇੱਕੀਵੀਂ ਸਦੀ ਵਿੱਚ ਵੀ ਮੁੰਡੇ ਦੀ ਚਾਹਤ ਲਈ ਪੱਬਾਂ ਭਾਰ ਹਾਂ। ਇਸ ਬਾਰੇ ਡਾ. ਹਰਸ਼ਿੰਦਰ ਕੌਰ ਨੇ ਇਕ ਸੈਮੀਨਾਰ ਵਿੱਚ ਖੁਲਾਸਾ ਕੀਤਾ ਸੀ। ਉਨ੍ਹਾਂ ਅਨੁਸਾਰ ਪੰਜਾਬ ਵਿੱਚ ਜਦੋਂ ਵੈਦ ਹਕੀਮਾਂ, ਫਲ ਪਾਉਣ ਵਾਲੇ ਬਾਬਿਆਂ ਜਾਂ ਡਾਕਟਰਾਂ ਤੋਂ ਮੁੰਡਾ ਜੰਮਣ ਲਈ ਦਵਾਈ ਖਾਧੀ ਜਾਂਦੀ ਹੈ ਜਾਂ ਕੋਈ ਹੋਰ ਓਹੜ ਪੋਹੜ ਕੀਤਾ ਜਾਂਦਾ ਹੈ ਤਾਂ ਔਰਤ ਨੂੰ ਪੁਰਸ਼ ਹਾਰਮੋਨਜ਼ ਵੱਧ ਦਿੱਤੇ ਜਾਂਦੇ ਹਨ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਜੇ ਗਰਭ ਵਿਚਲਾ ਬੱਚਾ ਕੁੜੀ ਹੋਵੇ ਤੇ ਬਾਹਰੋਂ ਪੁਰਸ਼ ਹਾਰਮੋਨਜ਼ ਵਧੇਰੇ ਮਾਤਰਾ ਵਿੱਚ ਦਿੱਤੇ ਜਾਣ ਤਾਂ ਪੈਦਾ ਹੋਣ ਵਾਲੇ ਬੱਚੇ ਦੇ ਕਿੰਨਰ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਤੋਂ ਇਲਾਵਾ ਗਰਭਵਤੀ ਮਾਂ ਨੂੰ ਲਗਾਤਾਰ ਪੁਰਸ਼ ਹਾਰਮੋਨਜ਼ ਦੇਣ ਨਾਲ ਉਸ ਵਿੱਚ ਵੀ ਮਰਦਾਵੇਂ ਸਰੀਰਕ ਲੱਛਣ ਭਾਰੂ ਹੋਣ ਲੱਗਦੇ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਵਰਤਾਰਾ ਪੰਜਾਬ ਵਿੱਚ ਲਗਾਤਾਰ ਵਧ ਰਿਹਾ ਹੈ। ਪੁੱਤ ਜੰਮਣ ਦੀ ਮਾਨਸਿਕਤਾ 'ਚੋਂ ਉਪਜੇ ਸਮਾਜਿਕ ਵਿਹਾਰ ਕਾਰਨ ਕੁੜੀਆਂ ਨੂੰ ਸਮਾਜਿਕ ਵਿਤਕਰਾ ਅਤੇ ਮਾਨਸਿਕ ਪੀੜਾ ਝੱਲਣੀ ਪੈਂਦੀ ਹੈ। ਪੰਜਾਬ ਦੇ ਪਰਵਾਰਾਂ ਵਿੱਚ ਸਭ ਤੋਂ ਛੋਟੀ ਕੁੜੀ ਦਾ ਨਾਂ 'ਰੱਜੀ', 'ਅੱਕੀ', 'ਮਰੋ' ਆਦਿ ਹੋਣਾ ਇਸ ਭਾਵਨਾ ਵਿੱਚੋਂ ਨਿਕਲਦੇ ਹਨ ਕਿ ਅਸੀਂ ਕੁੜੀਆਂ ਤੋਂ ਅੱਕ ਗਏ ਹਾਂ। ਅਸੀਂ ਸੋਚ ਸਕਦੇ ਹਾਂ ਕਿ ਜਿਸ ਕੁੜੀ ਦਾ ਨਾਂ ਹੀ ਅਜਿਹੇ ਦੁਰਕਾਰ 'ਚੋਂ ਰੱਖਿਆ ਗਿਆ ਹੋਵੇ, ਉਹ ਕਿਵੇਂ ਮਾਣ ਨਾਲ ਜਿਉਂ ਸਕਦੀ ਹੈ?

ਇਸ ਪ੍ਰਸੰਗ ਵਿੱਚ ਮੇਰਾ ਆਪਣਾ ਤਜਰਬਾ ਵੀ ਕੁਝ ਅਜਿਹਾ ਹੈ। ਮੈਨੂੰ ਯਾਦ ਹੈ ਉਦੋਂ ਅਸੀਂ ਤਿੰਨ ਭੈਣਾਂ ਸਾਂ, ਚੌਥੀ ਦਾ ਜਨਮ ਬਾਅਦ 'ਚ ਹੋਇਆ। ਜਦੋਂ ਮੈਂ ਗਲੀ ਵਿੱਚ ਜਵਾਕਾਂ ਨਾਲ ਖੇਡ ਰਹੀ ਹੁੰਦੀ ਜਾਂ ਪਿੰਡ ਦੀਆਂ ਔਰਤਾਂ ਸਾਡੇ ਘਰ ਆਉਂਦੀਆਂ ਤਾਂ ਉਹ ਸਹਿਜ ਸੁਭਾਅ ਮੇਰੇ ਸਿਰ 'ਤੇ ਹਲਕੀ ਜਿਹੀ ਥਪਕੀ ਮਾਰ ਕੇ ਕਹਿੰਦੀਆਂ ਕਿ 'ਹਾਏ! ਕਮਲੀ, ਵੀਰਾ ਨ੍ਹੀਂ ਲੈ ਕੇ ਆਈ, ਦੋ ਪੱਥਰ (ਭੈਣਾਂ) ਨਾਲ ਘੜੀਸ ਲਿਆਈ।' ਇਹ ਮੇਰੇ ਨਾਲ ਆਮ ਹੁੰਦਾ। ਹੌਲੀ-ਹੌਲੀ ਮੈਨੂੰ ਵੀ ਲੱਗਣ ਲੱਗ ਪਿਆ ਕਿ ਛੋਟੀਆਂ ਦੋ ਭੈਣਾਂ ਨੂੰ ਵੀ ਮੈਂ ਉਂਗਲ ਫੜ ਕੇ ਲਿਆਈ ਹਾਂ। ਸਮਾਂ ਬੀਤਣ ਨਾਲ ਇਹੋ ਜਿਹੇ ਹੋਰ ਵਰਤਾਅ ਕਾਰਨ ਮੈਨੂੰ ਯਕੀਨ ਹੋ ਗਿਆ ਕਿ ਘਰ ਵਿੱਚ ਵੀਰਾ ਨਾ ਲੈ ਕੇ ਆਉਣ ਵਿੱਚ ਮੇਰਾ ਵੱਡਾ ਦੋਸ਼ ਹੈ। ਇਸ ਦਾ ਨਤੀਜਾ ਇਹ ਹੋਇਆ ਕਿ ਮੈਂ ਆਪਣੇ ਆਪ ਨੂੰ ਫਾਲਤੂ ਜਿਹਾ ਮਹਿਸੂਸ ਕਰਨ ਲੱਗੀ। ਮੈਂ ਆਪਣੇ ਆਪ ਨੂੰ ਅਤੇ ਆਪਣੀਆਂ ਭੈਣਾਂ ਨੂੰ ਮਾਪਿਆਂ 'ਤੇ ਬੋਝ ਮੰਨਣ ਲੱਗ ਪਈ। ਇਥੋਂ ਤੱਕ ਮੈਨੂੰ ਮਹਿਸੂਸ ਹੁੰਦਾ ਕਿ ਮੈਂ ਧਰਤੀ 'ਤੇ ਬੋਝ ਹਾਂ। ਪਰਵਾਰ ਉਤੇ ਬੋਝ ਹੋਣ ਦੇ 'ਦੋਸ਼' ਤੋਂ ਮੁਕਤ ਹੋਣ ਲਈ ਮੈਨੂੰ ਕਈ ਸਾਲ ਸੁਚੇਤ ਯਤਨ ਕਰਨੇ ਪਏ।

ਇਸੇ ਤਰ੍ਹਾਂ ਜਦੋਂ ਮੈਂ ਗਿਆਰ੍ਹਵੀਂ-ਬਾਰ੍ਹਵੀਂ ਵਿੱਚ ਆਪਣੇ ਨਾਨਕੇ ਪੜ੍ਹਦੀ ਸੀ ਤਾਂ ਮੇਰੀ ਸਵੇਰ ਸ਼ਾਮ ਦੀ ਅਰਦਾਸ ਵਿੱਚ ਇਹ ਸ਼ਾਮਲ ਹੁੰਦਾ ਸੀ ਕਿ ਮੈਨੂੰ ਕੋਈ ਮੁੰਡਾ ਪਸੰਦ ਨਾ ਆਵੇ ਤੇ ਨਾ ਕਿਸੇ ਮੁੰਡੇ ਨੂੰ ਮੈਂ ਪਸੰਦ ਆਵਾਂ, ਕਿਉਂਕਿ ਮੁੰਡੇ ਕੁੜੀ ਦੀਆਂ ਪਿਆਰ ਕਹਾਣੀਆਂ ਘਰ ਦਿਆਂ ਦੀ ਇੱਜ਼ਤ ਖਰਾਬ ਕਰ ਦਿੰਦੀਆਂ ਹਨ, ਉਪਰੋਂ ਮੇਰਾ ਪਿਓ ਚਾਰ ਧੀਆਂ ਦਾ ਬਾਪ ਸੀ। ਇਨ੍ਹਾਂ ਦੋ ਸਾਲਾਂ ਵਿੱਚ ਮੈਂ ਆਪਣੇ ਮੂੰਹ ਉੱਤੇ ਸਰ੍ਹੋਂ ਦਾ ਤੇਲ ਲਾ ਕੇ ਸਕੂਲ ਜਾਂਦੀ ਸੀ ਤਾਂ ਜੋ ਮੇਰਾ ਰੰਗ ਕਾਲਾ ਲੱਗੇ। ਮੈਂ ਸੋਹਣੀ ਨਾ ਲੱਗਾਂ ਤੇ ਕਿਸੇ ਮੁੰਡੇ ਦਾ ਮੇਰੇ ਵੱਲ ਧਿਆਨ ਨਾ ਜਾਵੇ। ਅੱਜ ਸੋਚਦੀ ਹਾਂ ਕਿ ਪਤਾ ਲੱਗਦਾ ਹੈ ਕਿ ਇਕੱਲੀਆਂ ਕੁੜੀਆਂ ਵਾਲੇ ਪਰਵਾਰਾਂ ਵਿੱਚ ਕੁੜੀਆਂ ਕਿੰਨੇ ਸਹਿਮ ਤੇ ਬੋਝ ਵਿੱਚ ਪਲਦੀਆਂ ਹਨ।

ਪੁੱਤ ਜੰਮਣ ਦੀ ਇੱਛਾ ਜੇ ਹਕੀਕਤ ਵਿੱਚ ਪੂਰੀ ਨਹੀਂ ਹੁੰਦੀ ਤਾਂ ਇਸ ਨੂੰ ਕਲਪਨਾ ਵਿੱਚ ਪੂਰੀ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਫਿਲਮਕਾਰ ਅਨੂਪ ਸਿੰਘ ਦੀ ਇਕ ਬਹੁਤ ਚਰਚਿਤ ਪੰਜਾਬੀ ਫਿਲਮ 'ਕਿੱਸਾ-ਦਾ ਸਟੋਰੀ ਆਫ ਲੋਨਲੀ ਗੋਸਟ' (2015) ਹੈ। ਫਿਲਮ ਵਿੱਚ ਤਿੰਨ ਧੀਆਂ ਦੇ ਬਾਪ ਅੰਬਰ ਸਿੰਘ ਦੀ ਪੁੱਤ ਪੈਦਾ ਕਰਨ ਦੀ ਇੰਨੀ ਇੱਛਾ ਹੈ ਕਿ ਜਦੋਂ ਉਸ ਦੇ ਘਰ ਚੌਥੀ ਧੀ ਜੰਮਦੀ ਹੈ ਤਾਂ ਉਹ ਧੀ ਨੂੰ 'ਪੁੱਤ' ਬਣਾ ਲੈਂਦਾ ਹੈ। ਉਸ ਦੀ ਦਸਤਾਰਬੰਦੀ ਕਰਦਾ ਹੈ। ਉਸ ਨੂੰ ਭਲਵਾਨੀ, ਟਰੱਕ ਚਲਾਉਣਾ, ਬੰਦੂਕ ਚਲਾਉਣਾ ਤੇ ਸ਼ਿਕਾਰ ਖੇਡਣਾ ਸਿਖਾਉਂਦਾ ਹੈ। ਸਾਰਾ ਪਰਵਾਰ ਕੁੰਵਰ ਨੂੰ ਮੁੰਡਾ ਹੀ ਮੰਨਦਾ ਹੈ। ਆਪਣਾ ਪੁੱਤ ਬਣਾਈ ਧੀ ਰਾਹੀਂ ਆਪਣੀਆਂ ਜੜ੍ਹਾਂ ਲਾਉਣ ਲਈ ਅੰਬਰ ਸਿੰਘ ਉਸ ਦਾ ਵਿਆਹ ਕਰ ਦਿੰਦਾ ਹੈ। ਇਸ ਫਿਲਮ ਵਿੱਚ ਉਸ ਧੀ ਦੀ ਮਾਨਸਿਕ ਪੀੜਾ ਦਿਖਾਈ ਹੈ, ਜਿਸ ਨੂੰ ਮੁੰਡਿਆਂ ਵਾਂਗ ਪਾਲਿਆ ਜਾਂਦਾ ਹੈ। ਉਸ ਦਾ ਸਰੀਰ ਔਰਤ ਦਾ ਹੈ ਤੇ ਸਮਾਜਿਕ ਪਰਵਰਿਸ਼ ਪੁਰਸ਼ ਵਾਲੀ। ਉਸ ਦਾ ਵਜੂਦ ਦੋਵਾਂ ਲਿੰਗਾਂ ਵਿਚਾਲੇ ਆਪਣੀ ਹੋਂਦ ਲੱਭਣ ਦੀ ਕੋਸ਼ਿਸ਼ ਦਾ ਸੰਤਾਪ ਭੋਗਦਾ ਹੈ। ਹੱਦ ਉਦੋਂ ਹੁੰਦੀ ਹੈ ਜਦੋਂ ਪਿਤਾ ਵੱਲੋਂ ਉਸ ਦਾ ਵਿਆਹ ਵੀ ਇਕ ਕੁੜੀ ਨਾਲ ਕਰ ਦਿੱਤਾ ਜਾਂਦਾ ਹੈ। ਹਕੀਕਤ ਵਿੱਚ ਫਿਲਮ 'ਕਿੱਸਾ' ਵਰਗੀਆਂ ਉਦਾਹਰਨਾਂ ਭਾਵੇਂ ਦੁਰਲਭ ਹੋਣ, ਪਰ ਪੰਜਾਬੀ ਸਮਾਜ ਵਿੱਚ 'ਮਰਦ' ਵਾਰਿਸ ਸਹਾਰੇ ਵੰਸ਼ ਚਲਾਉਣ ਦੀ ਮਾਨਸਿਕਤਾ ਅਜੇ ਵੀ ਹੈ।

ਘਰ ਵਿੱਚ ਮੁੰਡਾ ਨਾ ਹੋਣ ਦੀ ਸੂਰਤ ਵਿੱਚ ਔਰਤ ਦਾ ਵਜੂਦ ਬੱਚੇ ਜੰਮਣ ਵਾਲੀ ਮਸ਼ੀਨ ਤੱਕ ਸੀਮਤ ਹੋ ਜਾਂਦਾ ਹੈ। ਘਰ ਵਿੱਚ ਮੁੰਡਾ ਨਾ ਹੋਣ ਤੇ ਕੁੜੀਆਂ ਹੀ ਕੁੜੀਆਂ ਹੋਣ ਦੀ ਮਾਨਸਿਕ ਪੀੜ ਨੂੰ ਕਹਾਣੀਕਾਰ ਸੁਖਜੀਤ ਨੇ ਕਹਾਣੀ 'ਹਜ਼ਾਰ ਕਹਾਣੀਆਂ ਦਾ ਬਾਪ' ਵਿੱਚ ਵਧੀਆ ਢੰਗ ਨਾਲ ਦਰਸਾਇਆ ਹੈ। ਇਸ ਕਹਾਣੀ ਵਿੱਚ ਚਾਰ ਧੀਆਂ ਦੇ ਪਿਓ ਨੂੰ ਇਹੋ ਡਰ ਸਤਾਉਂਦਾ ਹੈ ਕਿ ਲੋਕ ਉਸ ਦੀਆਂ ਧੀਆਂ ਦੀਆਂ ਗੱਲਾਂ ਕਰਦੇ ਹਨ। ਚਾਰ ਧੀਆਂ ਦਾ ਪਿਓ ਘਰ ਅੰਦਰ ਅੱਖਾਂ ਝੁਕਾ ਕੇ ਤੁਰਦਾ ਹੈ ਅਤੇ ਘਰ ਦੇ ਬਾਹਰ ਆਪਣੀਆਂ ਕੁੜੀਆਂ ਦੀਆਂ ਗੱਲਾਂ ਕਰਨ ਵਾਲਿਆਂ ਦੀਆਂ ਕਨਸੋਆਂ ਲੈਂਦਾ ਰਹਿੰਦਾ ਹੈ।

ਅੱਜ ਵੀ ਜਦੋਂ ਮੈਂ ਆਪਣੀਆਂ ਵਿਦਿਆਰਥਣਾਂ ਨੂੰ ਜੀਵਨ ਕਹਾਣੀਆਂ ਲਿਖਣ ਲਈ ਆਖਦੀ ਹਾਂ ਤਾਂ ਪਤਾ ਲੱਗਦਾ ਹੈ ਕਿ ਕੁੜੀਆਂ ਅਜੇ ਇਸ ਮਾਨਸਿਕ ਪੀੜ ਨੂੰ ਹੰਢਾ ਰਹੀਆਂ ਹਨ। ਇਕ ਬੱਚੀ ਦੀ ਜੀਵਨ ਕਹਾਣੀ ਦਾ ਸਿਰਲੇਖ ਹੈ, 'ਮੈਂ ਇਕ ਅਣਚਾਹੀ ਬੱਚੀ', ਕੋਈ ਆਪਣੀ ਕਹਾਣੀ ਸੁਣਾਉਂਦੀ ਰੋਣ ਲੱਗ ਪੈਂਦੀ ਹੈ ਤੇ ਕਿਸੇ ਨੂੰ ਭੂਆਂ ਦੇ ਮੁੰਡੇ ਵਿੱਚੋਂ ਸਕੇ ਭਰਾ ਦੀ ਭਾਲ ਹੈ। ਜਿਹੜਾ ਦੁੱਖ ਮੈਂ 20-30 ਵਰ੍ਹੇ ਪਹਿਲਾਂ ਝੱਲਿਆ, ਉਹ ਦੁੱਖ ਅਜੇ ਵੀ ਨਵੀਂ ਪੀੜ੍ਹੀ ਦੀਆਂ ਕੁੜੀਆਂ ਨੂੰ ਝੱਲਣਾ ਪੈ ਰਿਹਾ ਹੈ। ਜੀਅ ਕਰਦਾ ਕਿ ਮੈਂ ਉਨ੍ਹਾਂ ਨੂੰ ਬਾਂਹ ਫੜ ਕੇ ਬਾਹਰ ਕੱਢ ਲਵਾਂ।



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety
Our Priority

JF Insurance Agency Group Inc.


Specialized in Hospital and Medical Insurance for Visitors, Canadian Travellers and International Students since 1992

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?



ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

# ਕਸ਼ਮੀਰ ਸਮੱਸਿਆ ਅੰਦਰੂਨੀ ਤੌਰ ਉੱਤੇ ਵੀ ਹੱਲਾ ਕਰਨ ਦੀ ਲੋੜ

-ਕਲਿਆਣੀ ਸ਼ੰਕਰ-

ਜਿੱਥੇ ਕਸਮੀਰ ਵਿੱਚ ਅੱਤਵਾਦੀ ਹਮਲੇ ਕਰਨ ਲਈ ਗੁਆਂਢੀ ਦੇਸ਼ ਪਾਕਿਸਤਾਨ ਨੂੰ ਸਬਕ ਸਿਖਾਉਣ ਦੀ ਲੋੜ ਹੈ, ਉਥੇ ਅੰਦਰੂਨੀ ਤੌਰ 'ਤੇ ਕਸ਼ਮੀਰ ਸਮੱਸਿਆਦਾ ਹੱਲ ਕਰਨ ਦੀ ਵੀ ਲੋੜ ਹੈ। ਕੋਈ ਸ਼ੱਕ ਨਹੀਂ ਕਿ ਸੂਬੇ ਵਿੱਚ ਨੌਜਵਾਨਾਂ ਨੂੰ ਕੱਟੜ ਬਣਾਉਣ ਸਮੇਤ ਕਈ ਚੀਜ਼ਾਂ ਅਜਿਹੀਆਂ ਹਨ, ਜਿਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ। ਇਹ ਸੁਣ ਕੇ ਅਫਸੋਸ ਹੋਇਆ ਕਿ ਆਤਮਘਾਤੀ ਹਮਲਾਵਰ ਇੱਕ ਸਥਾਨਕ ਨੌਜਵਾਨ ਸੀ, ਜਿਸ ਨੇ ਪੁਲਵਾਮਾ ਵਿੱਚ ਜਵਾਨਾਂ 'ਤੇ ਹਮਲਾ ਕੀਤਾ। ਇਸ ਗੱਲ ਦੀ ਹੋਰ ਵੀ ਜਾਂਚ ਕਰਨ ਦੀ ਲੋੜ ਹੈ ਕਿ ਭਟਕੇ ਹੋਏ ਨੌਜਵਾਨ ਅੱਤਵਾਦ ਦਾ ਰਾਹ ਕਿਉਂ ਫੜ ਰਹੇ ਹਨ।

ਕੁਝ ਸਮੇਂ ਤੋਂ ਇਸ ਬਾਰੇ ਤਿੱਖੀ ਬਹਿਸ ਚੱਲ ਰਹੀ ਹੈ ਕਿ ਕਿਉਂ ਵੱਡੀ ਗਿਣਤੀ 'ਚ ਪੜ੍ਹੇ ਲਿਖੇ ਨੌਜਵਾਨ ਉਤਰੀ ਤੇ ਦੱਖਣੀ ਕਸ਼ਮੀਰ ਦੇ ਕੁਝ ਹਿੱਸਿਆਂ ਵਿੱਚ ਅੱਤਵਾਦੀਆਂ ਵਿੱਚ ਸ਼ਾਮਲ ਹੋ ਰਹੇ ਹਨ। ਸਾਬਕਾ ਕੇਂਦਰੀ ਮੰਤਰੀ ਯਸ਼ਵੰਤ ਸਿਨਹਾ ਦਾ ਕਹਿਣਾ ਹੈ ਕਿ ਕੱਟੜਵਾਦ ਦੀ ਕੋਈ ਇੱਕ ਵਜ੍ਹਾ ਨਹੀਂ, ਸਗੋਂ ਇਹ ਕਈ ਚੀਜ਼ਾਂ ਦਾ ਮਿਸ਼ਰਣ ਹੈ। ਇਸ ਵਿੱਚ ਪਾਕਿਸਤਾਨ ਦੀ ਭੂਮਿਕਾ, ਵਹਾਬੀਕਰਨ ਤੇ ਇਸਲਾਮਿਕ ਕੱਟੜਵਾਦ ਸ਼ਾਮਲ ਹੈ।

ਅਲੱਗ ਥਲੱਗ ਹੋਣ ਦੇ ਨਾਲ ਪਾਕਿਸਤਾਨ ਵੱਲੋਂ ਚਲਾਈ ਜਾਂਦੀ ਅਸਿੱਧੀ ਜੰਗ ਵੀ ਇੱਕ ਵਜ੍ਹਾ ਹੈ, ਜਿਸ ਨਾਲ ਜੈਸ਼ ਏ ਮੁਹੰਮਦ ਵਰਗੇ ਅੱਤਵਾਦੀ ਸੰਗਠਨ ਨੌਜਵਾਨਾਂ ਨੂੰ ਭਰਤੀ ਕਰਦੇ ਹਨ। ਪਾਕਿਸਤਾਨ ਦੀ ਆਈ ਐੱਸ ਆਈ ਵੱਲੋਂ ਕੀਤੇ ਜਾਂਦੇ ਕੂੜ ਪ੍ਰਚਾਰ ਅਤੇ ਅਸਹਿਣਸ਼ੀਲਤਾ ਧਾਰਮਿਕ, ਵਿਚਾਰਕ, ਕਿੱਸੇ 'ਕਸ਼ਮੀਰੀਅਤ' ਦੇ ਆਦਰਸ਼ਾਂ ਨੂੰ ਕੁਰੇਦਣ ਅਤੇ ਫਿਰ ਹੌਲੀ ਹੌਲੀ ਨੌਜਵਾਨਾਂ ਨੂੰ ਜੇਹਾਦੀ ਸਭਿਆਚਾਰ ਵੱਲ ਲਿਜਾਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਫੌਜ ਦੇ ਸਾਬਕਾ ਮੁਖੀ ਵਿਕਰਮ ਸਿੰਘ ਨੇ ਆਪਣੇ ਇੱਕ ਤਾਜ਼ਾ ਲੇਖ ਵਿੱਚ ਦੱਸਿਆ ਸੀ ਕਿ ਸਾਲ 2017 ਵਿੱਚ 131 ਨੌਜਵਾਨ ਵੱਖ ਵੱਖ ਅੱਤਵਾਦੀ ਸੰਗਠਨਾਂ ਵਿੱਚ ਸ਼ਾਮਲ ਹੋਏ ਸਨ, ਜਦ ਕਿ 2018 ਵਿੱਚ ਇਹ ਗਿਣਤੀ ਵਧ ਕੇ 200 ਤੋਂ ਉੱਤੇ ਹੋ ਗਈ। ਪਿਛਲੇ ਕੁਝ ਸਾਲਾਂ ਵਿੱਚ ਇਸਲਾਮਿਕ (ਆਈ ਐੱਸ) ਤੇ ਅਲ ਕਾਇਦਾ ਦੀਆਂ ਵਿਚਾਰਧਾਰਾਵਾਂ ਨਾਲ ਸੰਬੰਧਤ ਆਈ ਐੱਸ ਆਈ ਐੱਸ ਕਸ਼ਮੀਰ ਅਤੇ ਅੰਸਾਰ ਗਜਵਤ ਉਲ ਹਿੰਦ ਵਰਗੇ ਕੁਝ ਨਵੇਂ ਅੱਤਵਾਦੀ ਸੰਗਠਨ ਵੀ ਪੈਦਾ ਹੋਏ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸੰਘਰਸ਼ ਇਸ ਇਲਾਕੇ ਤੋਂ ਆਉਂਦੇ ਬੱਚੇ ਕਰ ਰਹੇ ਹਨ, ਜਿਨ੍ਹਾਂ ਨੇ ਬਚਪਨ ਤੋਂ ਲੈ ਕੇ ਵੱਡੇ ਹੋਣ ਤੱਕ ਗਲੀਆਂ ਸੜਕਾਂ 'ਚ ਬੰਦੂਕਾਂ ਅਤੇ ਰਾਈਫਲਾਂ ਹੀ ਦੇਖੀਆਂ ਹਨ। ਉਨ੍ਹਾਂ ਨੇ ਸਿਰਫ ਹਿੰਸਾ ਤੇ ਸੰਘਰਸ਼ ਹੁੰਦੇ ਦੇਖੇ ਹਨ, ਜਿਨ੍ਹਾਂ ਨੇ ਉਨ੍ਹਾਂ ਤੋਂ ਉਨ੍ਹਾਂ ਦਾ ਬਚਪਨ ਖੋਹ ਲਿਆ।



ਦੂਜੀ ਚੀਜ਼ ਹੈ ਵਿਦਿਅਕ ਮੌਕਿਆਂ ਦੀ ਘਾਟ ਅਤੇ ਤੀਜੀ ਬੇਰੋਜ਼ਗਾਰੀ। ਰਾਅ (ਰਿਸਰਚ ਐਂਡ ਐਨਲਸਿਸ ਵਿੰਗ) ਦੇ ਸਾਬਕਾ ਮੁਖੀ ਏ ਐੱਸ ਦੁਲੱਟ ਮਹਿਸੂਸ ਕਰਦੇ ਹਨ ਕਿ ਉਹ ਇਸ ਲਈ ਕੱਟੜਵਾਦ ਵੱਲ ਮੁੜ ਰਹੇ ਹਨ, ਕਿਉਂਕਿ ਉਹ ਮਹਿਸੂਸ ਕਰਦੇ ਹਨ ਉਨ੍ਹਾਂ ਨੂੰ ਕੋਈ ਆਸ ਨਹੀਂ। ਜਮਾਤ ਏ ਇਸਲਾਮੀ ਸਭ ਕੁਝ ਮਿਥੇ ਢੰਗ ਨਾਲ ਕਰਨਾ ਚਾਹੁੰਦੀ ਹੈ। ਉਸ ਨੂੰ ਪੀ ਡੀ ਪੀ ਦਾ ਸਮਰਥਨ ਵੀ ਹੈ, ਜਿਸ ਨੇ ਜਮਾਤ ਦੇ ਸਮਰਥਨ ਨਾਲ ਚੋਣਾਂ ਜਿੱਤੀਆਂ ਹਨ। ਇਸ ਵੇਲੇ ਪੀ ਡੀ ਪੀ ਦੇ ਵੱਲੋਂ ਜਮਾਤ ਵਿੱਚ ਨਿਰਾਸ਼ਾ ਹੈ। ਸੋਸ਼ਲ ਮੀਡੀਆ ਅੱਤਵਾਦੀਆਂ ਦੇ ਮੁੱਖ ਔਜ਼ਾਰਾਂ ਵਿੱਚੋਂ ਇੱਕ ਹੈ, ਜਿਸ ਦੀ ਵਰਤੋਂ ਉਹ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਅਤੇ ਵਾਦੀ ਵਿੱਚ ਨੌਜਵਾਨਾਂ ਦੇ ਮਨਾਂ ਨੂੰ ਭਟਕਾਉਣ ਲਈ ਕਰਦੇ ਹਨ। ਇਸ ਰੁਝਾਨ ਨੂੰ ਪਲਟਣ ਦਾ ਇੱਕੋ ਇੱਕ ਰਾਹ ਉਨ੍ਹਾਂ ਨੂੰ ਆਪਣੇ ਨੇੜੇ ਲਿਆਉਣਾ ਹੈ।

ਲੋੜ ਆਪਣੇ ਅੰਦਰ ਝਾਕਣ ਤੇ ਚੀਜ਼ਾਂ ਨੂੰ ਦਰੁੱਸਤ ਕਰਨ ਦੀ ਹੈ ਕਿਉਂਕਿ ਅਜੇ ਬਹੁਤੀ ਦੇਰ ਨਹੀਂ ਹੋਈ ਹੈ। ਇੱਕ ਕਸ਼ਮੀਰੀ ਨੌਜਵਾਨ ਨੇ ਆਤਮਘਾਤੀ ਹਮਲਾਵਰ ਬਣਨ ਦਾ ਫੈਸਲਾ ਲਿਆ। ਇਹ ਨੌਜਵਾਨ ਉਨ੍ਹਾਂ 'ਚੋਂ ਇੱਕ ਸੀ, ਜੋ ਇਹ ਮਹਿਸੂਸ ਕਰਦੇ ਹਨ ਕਿ ਕਸ਼ਮੀਰ 'ਚ ਕੋਈ ਆਸ ਨਹੀਂ ਬਚੀ। ਉਸ ਦਾ ਪਿਤਾ ਇੱਕ ਕਿਸਾਨ ਹੈ ਤੇ ਕੁਝ ਸਮਾਂ ਪਹਿਲਾਂ ਉਸ ਦੇ ਬੇਟੇ ਦੀ ਲੱਤ 'ਚ ਗੋਲੀ ਲੱਗੀ ਸੀ, ਸ਼ਾਇਦ ਸੜਕਾਂ 'ਤੇ ਪੱਥਰਬਾਜ਼ੀ ਕਰਦੇ ਸਨ। ਇਸ ਲਈ ਉਸ ਨੇ ਖੁਦ ਨੂੰ ਉਡਾਉਣ ਦਾ ਫੈਸਲਾ ਲਿਆ। ਇਹ ਹਮਲਾ ਨੌਜਵਾਨਾਂ ਦੇ ਅਲੱਗ ਥਲੱਗ ਹੋਣ ਨੂੰ ਦਰਸਾਉਂਦਾ ਹੈ।

ਸਰਕਾਰ ਦੇ ਨਾਲ ਸਿਆਸੀ ਪਾਰਟੀਆਂ ਨੂੰ ਵੀ ਪਹਿਲ ਦੇ ਆਧਾਰ 'ਤੇ ਸਮੱਸਿਆ ਦਾ ਹੱਲ ਕਰਨਾ ਚਾਹੀਦਾ ਹੈ। ਜੰਮੂ ਕਸ਼ਮੀਰ ਦੇ ਗਵਰਨਰ ਸਤਿਆਪਾਲ ਮਲਿਕ ਨੇ ਮੈਨੂੰ ਦੱਸਿਆ ਕਿ ਸ਼ਾਮ ਨੂੰ ਛੇ ਵਜੇ ਤੋਂ ਬਾਅਦ ਇਥੇ ਪਿੰਡਾਂ ਵਿੱਚ ਕੋਈ ਹਲਚਲ ਨਹੀਂ ਹੁੰਦੀ। ਇਸ ਦੇ ਹੱਲ ਲਈ ਉਨ੍ਹਾਂ ਨੇ ਸਿਨੇਮਾ, ਰੇਡੀਓ ਸ਼ੋਅਜ਼ ਅਤੇ ਕੁਝ ਖੇਡ ਸਰਗਰਮੀਆਂ ਦੀ ਸ਼ੁਰੂਆਤ ਕੀਤੀ ਹੈ ਤਾਂ ਕਿ ਨੌਜਵਾਨਾਂ ਨੂੰ ਰੁਝੇਵਿਆਂ ਵਿੱਚ ਰਖਿਆ ਜਾ ਸਕੇ। ਇਹ ਸਵਾਗਤ ਯੋਗ ਕਦਮ ਹੈ ਕਿ ਗਵਰਨਰ ਨੇ ਪਹਿਲਾਂ ਹੀ ਜੁਆਬੀ ਸਕ੍ਰਿਪਟ ਲਈ ਕੁਝ ਗਰੁੱਪਾਂ ਦਾ ਗਠਨ ਕਰ ਦਿੱਤਾ ਹੈ ਤੇ ਕੱਟੜਵਾਦ ਨਾਲ ਨਜਿੱਠਣ ਲਈ ਉਹ ਮੌਲਵੀਆਂ ਨਾਲ ਗੱਲਬਾਤ ਕਰ ਰਹੇ ਹਨ ਤਾਂ ਕਿ ਉਨ੍ਹਾਂ ਨੂੰ ਆਪਣੇ ਨਾਲ ਜੋੜਿਆ ਜਾ ਸਕੇ। ਮਲਿਕ ਮਹਿਸੂਸ ਕਰਦੇ ਹਨ ਕਿ ਮੁੱਖ ਧਾਰਾ ਵਾਲੇ ਸਿਆਸਤਦਾਨ ਜ਼ਿੰਮੇਵਾਰੀ ਨਹੀਂ ਲੈ ਰਹੇ। ਬੇਹੱਦ ਕੱਟੜ ਲੋਕ ਬਹੁਤੇ ਨਹੀਂ ਤੇ ਉਨ੍ਹਾਂ ਨੇ ਸੁਰੱਖਿਆ ਬਲਾਂ ਨੂੰ ਘਰੇਲੂ ਕੱਟੜਵਾਦ ਦੀ ਸਮੱਸਿਆ ਵੱਲ ਧਿਆਨ ਦੇਣ ਲਈ ਕਿਹਾ ਹੈ। ਉਨ੍ਹਾਂ ਨੂੰ ਚਿੰਤਾ ਹੈ ਕਿ ਨੌਜਵਾਨ 'ਜੰਨਤ 'ਚ ਜਾਣਾ ਹੈ' ਵਾਲੀ ਭਾਸ਼ਾ ਵਰਤ ਰਹੇ ਹਨ।

ਸਾਨੂੰ ਸਭ ਤੋਂ ਪਹਿਲਾਂ ਆਪਣਾ ਘਰ ਦਰੁੱਸਤ ਕਰਨਾ ਪਵੇਗਾ। ਬੰਦੂਕ ਤੋਂ ਇਲਾਵਾ ਕੁਝ ਹੋਰ ਯਤਨ ਕਰਨ ਦੀ ਵੀ ਲੋੜ ਹੈ। ਦੁਲੱਟ ਵਰਗੇ ਕਸ਼ਮੀਰ ਦੇ ਮਾਹਰ ਲੋਕ ਮਹਿਸੂਸ ਕਰਦੇ ਹਨ ਕਿ ਜੇ ਸਹੀ ਕਦਮ ਚੁੱਕੇ ਜਾਣ ਤਾਂ ਕੱਟੜਵਾਦ ਦੇ ਰੁਝਾਨ ਨੂੰ ਪਲਟਿਆ ਜਾ ਸਕਦਾ ਹੈ। ਪਹਿਲੇ ਕਦਮ ਵਜੋਂ ਕੇਂਦਰ ਸਰਕਾਰ ਡਾਕਟਰ ਫਾਰੂਕ ਅਬਦੁੱਲਾ, ਉਮਰ ਅਬਦੁੱਲਾ, ਮਹਿਬੂਬਾ ਮੁਫਤੀ ਤੇ ਹੁਰੀਅਤ ਵਰਗੇ ਸੂਬਾਈ ਆਗੂਆਂ ਨਾਲ ਗੱਲ ਕਰ ਸਕਦੀ ਹੈ ਕਿਉਂਕਿ ਆਤਮਘਾਤੀ ਹਮਲਾਵਰਾਂ ਨਾਲ ਤਾਂ ਗੱਲ ਕਰ ਨਹੀਂ ਸਕਦੇ।

ਅਗਲੀ ਚੀਜ਼ ਇਹ ਕਿ ਇੱਕ ਚੁਣੀ ਹੋਈ ਸਰਕਾਰ ਹੋਣੀ ਚਾਹੀਦੀ ਹੈ ਕਿਉਂਕਿ ਇੱਕ ਲੋਕਤੰਤਰਿਕ ਸਰਕਾਰ ਹੀ ਸੂਬੇ ਵਿੱਚ ਚੀਜ਼ਾਂ ਤੈਅ ਕਰ ਸਕਦੀ ਹੈ, ਗਵਰਨਰ ਨਹੀਂ। ਸਭ ਤੋਂ ਵੱਡੀ ਗੱਲ ਲੋਕਾਂ ਦੀਆਂ ਭਾਵਨਾਵਾਂ ਨੂੰ ਸ਼ਾਂਤ ਕਰਨ ਦੀ ਹੈ ਤੇ ਨਾਲ ਸੂਬੇ ਵਿੱਚ ਆਮ ਵਰਗਾ ਮਾਹੌਲ ਕਾਇਮ ਕਰਨ ਦੀ। ਕੁੱਲ ਮਿਲਾ ਕੇ ਸੰਖੇਪ 'ਚ ਇੱਕ ਟਿਕਾਊ ਤੇ ਚਿਰਸਥਾਈ ਕਸ਼ਮੀਰੀ ਨੀਤੀ ਦੀ ਲੋੜ ਹੈ।

# ਮਿੰਨੀ ਕਹਾਣੀਆਂ

## ਮੀ ਟੂ

-ਮਨਜੀਤ ਸਿੱਧੂ

ਪੰਜਵੀਂ ਜਮਾਤਾਂ ਵਿੱਚ ਪੜ੍ਹਦੀ ਰੰਜਨਾ ਨੇ ਸਕੂਲ ਤੋਂ ਘਰ ਆ ਕੇ ਬੈਗ ਰੱਖਦਿਆਂ ਆਪਣੀ ਮਾਂ ਨੂੰ ਪੁੱਛਿਆ, 'ਮੰਮਾ, ਇਹ ਮੀ ਟੂ ਕੀ ਹੁੰਦਾ ਹੈ? ਅੱਜ ਸਕੂਲ ਵਿੱਚ ਪ੍ਰਿੰਸੀਪਲ ਮੈਡਮ ਨੇ ਇਸ ਬਾਰੇ ਲੈਕਚਰ ਦਿੱਤਾ ਸੀ। ਮੇਰੇ ਤਾਂ ਭੋਰਾ ਵੀ ਪੱਲੇ ਨਹੀਂ ਪਿਆ।'

'ਪੁੱਤ, ਤੁਸੀਂ ਮੈਡਮ ਜੀ ਤੋਂ ਫੇਰ ਪੁੱਛ ਲੈਣਾ ਸੀ,' ਉਸ ਦੀ ਮਾਂ ਨੇ ਉਸ ਨੂੰ ਪਾਣੀ ਦਾ ਗਲਾਸ ਫੜਾਉਂਦਿਆਂ ਕਿਹਾ।

'ਮੈਂ ਆਪਣੀ ਇੰਚਾਰਜ ਮੈਡਮ ਤੋਂ ਵੀ ਪੁੱਛਿਆ ਸੀ, ਪਰ ਉਨ੍ਹਾਂ ਬਾਅਦ ਵਿੱਚ ਗੱਲ ਕਰੀਂ ਕਹਿ ਕੇ ਟਾਲ ਦਿੱਤਾ।'

'ਮੰਮੀ ਪਲੀਜ਼! ਤੁਸੀਂ ਦੱਸ ਦਿਓ, ਇਸ ਦਾ ਕੀ ਮਤਲਬ ਹੈ?' ਰੰਜਨਾ ਨੇ ਪਿਆਰ ਭਰੀ ਜ਼ਿੱਦ ਕਰਦਿਆਂ ਕਿਹਾ।

ਉਹ ਰੰਜਨਾ ਨੂੰ ਅਜੇ ਇਸ ਦੇ ਅਰਥ ਦੱਸਣ ਹੀ ਲੱਗੀ ਸੀ ਕਿ ਉਸੇ ਸਮੇਂ ਉਸ ਦਾ ਪਤੀ ਦੁਪਹਿਰ ਦਾ ਖਾਣਾ ਖਾਣ ਲਈ ਘਰ ਆ ਗਿਆ ਤੇ ਉਸ ਨੂੰ ਦੇਖ ਕੇ ਸ਼ਬਦ ਉਸ ਦੇ ਮੂੰਹ ਵਿੱਚ ਹੀ ਅਟਕ ਕੇ ਰਹਿ ਗਏ।

## ਪ੍ਰਦੂਸ਼ਣ ਸਰਟੀਫਿਕੇਟ

-ਰਾਮ ਪ੍ਰਕਾਸ਼ ਬੁਢਲਾਡਾ

'ਪ੍ਰਦੂਸ਼ਣ ਸਰਟੀਫਿਕੇਟ ਕਿੱਥੇ ਐ?' ਪੁਲਸ ਨਾਕੇ 'ਤੇ ਖੜੇ ਹੌਲਦਾਰ ਨੇ ਸੁਰਜੀਤ ਦੇ ਮੋਟਰ ਸਾਈਕਲ ਦੇ ਕਾਗਜ਼ ਚੈਕ ਕਰਦਿਆਂ ਕੁਰੱਖਤ ਆਵਾਜ਼ ਵਿੱਚ ਕਿਹਾ।

'ਜੀ ਉਹ ਬਣਵਾਇਆ ਸੀ, ਦੋ ਕੁ ਦਿਨ ਪਹਿਲਾਂ ਮੁੱਕ ਗਿਆ, ਪਰ ਮੋਟਰ ਸਾਈਕਲ ਖਰੀਦੇ ਨੂੰ ਅਜੇ ਦੋ ਸਾਲ ਹੀ ਹੋਏ ਨੇ।' ਸੁਰਜੀਤ ਦੇ ਮੂੰਹੋਂ ਇਹ ਬੋਲ ਜਿਵੇਂ ਫਸ ਕੇ ਨਿਕਲੇ ਹੋਣ।

'ਇਹ ਤਾਂ ਬਹਾਨੇ ਨੇ। ਸਾਨੂੰ ਪਤੈ ਸਾਡਾ ਰੋਜ਼ ਦਾ ਕੰਮ ਐ।' ਕਹਿੰਦਿਆਂ ਹੌਲਦਾਰ ਨੇ ਚਲਾਨ ਕੱਟ ਕੇ ਸੁਰਜੀਤ ਦੇ ਹੱਥ ਫੜਾ ਦਿੱਤਾ।

ਸੁਰਜੀਤ ਚੁੱਪ ਕਰਕੇ ਉਥੋਂ ਜਾਣ ਲੱਗਾ ਤਾਂ ਉਸ ਨੇ ਦੇਖਿਆ ਕਿ ਨਾਕੇ 'ਤੇ ਰੁਕੀ ਹੋਈ ਪੁਰਾਣੇ ਮਾਡਲ ਦੀ ਕਾਰ ਸ਼ਾਹ ਕਾਲੇ ਧੂੰਏਂ ਦੀ ਲੰਬੀ ਲਕੀਰ ਪਿੱਛੇ ਛੱਡਦੀ ਹੋਈ ਤੁਰ ਪਈ ਸੀ ਕਿਉਂਕਿ ਕਾਰ ਦਾ ਪ੍ਰਦੂਸ਼ਣ ਸਰਟੀਫਿਕੇਟ ਬਣਿਆ ਹੋਇਆ ਸੀ।

# ਹਲਕਾ ਫੁਲਕਾ

ਪਤਨੀ ਗੋਲਗੱਪੇ ਖਾ ਰਹੀ ਸੀ। 20-25 ਗੋਲਗੱਪੇ ਖਾ ਲਏ ਹੋਣਗੇ। ਫਿਰ ਉਸ ਨੇ ਪਤੀ ਨੂੰ ਪੁੱਛਿਆ, "10 ਹੋਰ ਖਾ ਲਵਾਂ।"

ਪਤੀ ਬੋਲਿਆ, "ਨਾਗਿਨ, ਖਾ ਲੈ।"

ਪਤਨੀ ਗੁੱਸੇ ਵਿੱਚ ਪਲੇਟ ਸੁੱਟ ਕੇ ਬੋਲੀ, "ਨਾਗਿਨ ਕਿਸ ਨੂੰ ਕਿਹਾ।"

ਪਤੀ, "ਓ ਮੈਂ ਕਿਹਾ, ਨਾ ਗਿਣ, ਖਾ ਲੈ ਆਰਾਮ ਨਾਲ।"

*********

ਰੀਨਾ, "ਤੂੰ ਇੰਨੇ ਬਜ਼ੁਰਗ ਆਦਮੀ ਨਾਲ ਵਿਆਹ ਕਿਉਂ ਕਰਵਾਇਆ?"

ਸੁਨੀਤਾ, "ਇੱਕ ਤਾਂ ਇਨ੍ਹਾਂ ਦੀ ਇਨਕਮ, ਦੂਜਾ ਇਨ੍ਹਾਂ ਦੇ ਦਿਨ ਕਮ (ਘੱਟ)।"

*********

# ਕਹਾਣੀ ਦੀ ਖਾਨਬਦੋਸ਼ੀ

-ਈਸ਼ਵਰ ਦਿਆਲ ਗੌੜ-

ਹੀਰ ਰਾਂਝੇ ਦਾ ਕਿੱਸਾ ਸਮੇਂ-ਸਮੇਂ ਸਿਰ ਕਲਮਬੰਦ ਹੁੰਦਾ ਰਿਹਾ ਹੈ। ਅਜੇ ਵੀ ਹੋ ਰਿਹਾ ਹੈ। ਪਹਿਲਾ ਕਿੱਸਾ ਹੀਰ ਦਮੋਦਰ ਦੇ ਨਾਂ ਨਾਲ ਮਕਬੂਲ ਹੋਇਆ। ਅਜੇ ਵੀ ਹੈ। ਇਸ ਨੂੰ ਮੁਗਲ ਬਾਦਸ਼ਾਹ ਅਕਬਰ ਦੇ ਵਕਤਾਂ 'ਚ ਦਮੋਦਰ ਗੁਲਾਟੀ ਨਾਂ ਦੇ ਸ਼ਾਇਰ ਨੇ ਲਿਖਿਆ ਸੀ। 16ਵੀਂ ਸਦੀ ਦੇ ਇਸ ਦੌਰ ਵਿੱਚ ਅਕਬਲ ਦਾ ਦੀਨੇ ਇਲਾਹੀ ਅਤੇ ਸੁਲ੍ਹਾ ਕੂਲ ਦੀ ਨੀਤੀ ਪੰਜਾਬ ਦੀ ਫਿਜ਼ਾ 'ਚ ਗੂੰਜ ਰਹੀ ਸੀ। ਪੰਜਵੇਂ ਗੁਰੂ ਅਰਜਨ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕਰ ਰਹੇ ਸਨ। ਸ਼ਾਹ ਹੁਸੈਨ ਹੀਰ ਰਾਂਝੇ ਨੂੰ ਆਪਣੀਆਂ ਰੂਹਾਨੀ ਕਾਫੀਆਂ 'ਚ ਸੱਜਰਾ ਸਥਾਨ ਦੇ ਰਿਹਾ ਸੀ। ਹੀਰ ਰਾਂਝੇ ਦਾ ਅੱਲਾਹੀਕਰਨ ਕਰ ਰਿਹਾ ਸੀ। ਉਨ੍ਹਾਂ ਦੇ ਰੂਹਾਨੀ ਬਿੰਬ ਤਰਾਸ਼ ਰਿਹਾ ਸੀ। ਹੀਰ ਦੀ ਕਹਾਣੀ ਲੋਕ ਗਰਭ 'ਚੋਂ ਪੈਦਾ ਹੋ ਚੁੱਕੀ ਸੀ। ਦੁਨਿਆਵੀ ਤੇ ਰੂਹਾਨੀ ਫਿਜ਼ਾ 'ਚ ਰੁਮਕਨ ਲੱਗੀ ਸੀ। ਲੋਕ ਗਰਭ 'ਚੋਂ ਪੈਦਾ ਹੋਈਆਂ ਕਹਾਣੀਆਂ ਦੀ ਉਮਰ ਲੰਮੀ ਹੁੰਦੀ ਹੈ। ਇਹ ਕਦੇ ਬੁੱਢੀਆਂ ਨਹੀਂ ਹੁੰਦੀਆਂ, ਮਰਦੀਆਂ ਨਹੀਂ। ਲੋਕਾਈ ਵੀ ਕਦੇ ਬੁੱਢੀ ਨਹੀਂ ਹੁੰਦੀ ਅਤੇ ਨਾ ਮਰਦੀ ਹੈ। ਹਾਂ, ਲੋਕ ਕਹਾਣੀਆਂ ਖਾਨਾਬਦੋਸ਼ ਹੁੰਦੀਆਂ ਹਨ। ਪੁਸ਼ਤ-ਦਰ-ਪੁਸ਼ਤ ਸਫਰ ਕਰਦੀਆਂ ਹਨ, ਵੰਨ ਸੁਵੰਨੀਆਂ ਥਾਵਾਂ 'ਤੇ ਜਾਂਦੀਆਂ ਹਨ ਅਤੇ ਇਨ੍ਹਾਂ ਦੇ ਭਾਂਤ-ਭਾਂਤ ਦੇ ਠੌਰਾਂ ਠਿਕਾਣੇ ਹੁੰਦੇ ਹਨ। ਤਰ੍ਹਾਂ-ਤਰ੍ਹਾਂ ਦੀ ਲੋਕਾਈ ਤੇ ਉਨ੍ਹਾਂ ਦੀ ਬੋਲੀ ਨਾਲ ਇਹ ਕਹਾਣੀਆਂ ਮੇਲ ਜੋਲ ਕਰਦੀਆਂ ਹਨ, ਮੇਲ ਜੋਲ ਦੌਰਾਨ ਕਈ ਕਿਸਮ ਦਾ ਵੱਟਾ ਸੱਟਾ ਵੀ ਹੁੰਦਾ ਰਹਿੰਦੈ।

ਐਪਰ ਲੋਕ ਕਹਾਣੀਆਂ ਦਾ ਮੂਲ ਨਹੀਂ ਬਦਲਦਾ:

ਹੋਰ ਸਭ ਗੱਲਾਂ ਮਨਜ਼ੂਰ ਹੋਈਆਂ,  
ਇਕ ਚਾਕ ਥੋਂ ਰਿਹਾ ਨਾ ਜਾ ਮੀਆਂ।

ਹੀਰ ਰਾਂਝੇ ਦੀ ਕਹਾਣੀ ਚੜ੍ਹਦੇ ਲਹਿੰਦੇ ਪੰਜਾਬ, ਬਲੋਚਿਸਤਾਨ, ਅਫਗਾਨਿਸਤਾਨ, ਹਰਿਆਣਾ, ਉਤਰ ਪ੍ਰਦੇਸ਼, ਰਾਜਸਥਾਨ, ਜੰਮੂ ਕਸ਼ਮੀਰ ਖਿੱਤਿਆਂ 'ਚ ਆਪਣਾ ਠੌਰ ਠਿਕਾਣਾ ਬਣਾਈ ਬੈਠੀ ਹੈ। ਇਨ੍ਹਾਂ ਖਿੱਤਿਆਂ ਦੇ ਕੰਧਾਂ ਕੌਲਿਆਂ, ਤਖਤਪੋਸ਼ਾਂ ਅਤੇ ਕਸ਼ੀਦਿਆਂ 'ਤੇ ਇਸ ਕਹਾਣੀ ਦੀ ਤਸਵੀਰਕਸ਼ੀ ਤੇ ਇਨ੍ਹਾਂ ਖਿੱਤਿਆਂ ਦੀ ਬੋਲੀ 'ਚ ਇਸ ਦੀ ਸੰਭਾਲ ਇਸ ਕਹਾਣੀ ਦੇ ਖਾਨਾਬਦੋਸ਼ ਸੁਭਾ ਦੇ ਪਾਕਿ ਕਿਰਦਾਰ ਦੇ ਸਬੂਤ ਹਨ। ਭਾਈ ਗੁਰਦਾਸ ਦੀਆਂ ਵਾਰਾਂ 'ਚ ਵੀ ਹੀਰ ਰਾਂਝੇ ਦਾ ਜ਼ਿਕਰ ਹੈ। ਦਸਮ ਗ੍ਰੰਥ 'ਚ ਇਨ੍ਹਾਂ ਆਸ਼ਕਾਂ ਦੀ ਕਹਾਣੀ ਪੁਰਾਣਿਕ ਕਥਾ ਦੇ ਰੂਪ 'ਚ ਹੈ। ਹੀਰ ਰਾਂਝੇ ਦੀ ਕਹਾਣੀ ਆਪਣੇ ਮੂਲ ਤੋਂ ਥਿੜਕੀ ਨਹੀਂ। ਇਸ ਦੇ ਮਰਕਜ਼ 'ਚ ਇਸ਼ਕ ਜਿਉਂ ਦਾ ਤਿਉਂ ਸਥਾਪਤ ਹੈ। ਇਸ਼ਕ ਮਜ਼੍ਹਬਾਂ, ਜਾਤਾਂ, ਫਿਰਕਿਆਂ ਤੇ ਖਿੱਤਿਆਂ ਤੋਂ ਅਗਾਂਹ ਦਾ ਵਰਤਾਰਾ ਹੁੰਦੈ। ਇਸ ਦਾ ਆਪਣਾ ਰੰਗ ਰੂਪ ਮਜ਼੍ਹਬ, ਜਾਤ, ਫਿਰਕਾ ਤੇ ਖਿੱਤਾ ਹੁੰਦੈ:

ਬੁੱਲ੍ਹਿਆ ਧਰਮਸ਼ਾਲਾ ਧੜਵਾਈ ਰਹਿੰਦੇ  
ਠਾਕਰ ਦੁਆਰੇ ਠੱਗ  
ਵਿਚ ਮਸੀਤਾਂ ਰਹਿਣ ਕੋਸੱਤੀਏ, ਆਸ਼ਕ  
ਰਹਿਣ ਅਲੱਗ।

ਆਸ਼ਕਾਂ ਸਿਰ ਅਨੇਕਾਂ ਤਹੁਮਤਾਂ ਲੱਗਦੀਆਂ ਹਨ:

ਬੁੱਲ੍ਹਿਆ ਆਸ਼ਕ ਹੋਇਉਂ ਰੱਬ ਦਾ,  
ਮੁਲਾਕਾਤ ਹੋਈ ਲਾਖ  
ਲੋਕ ਕਾਫਰ-ਕਾਫਰ ਆਖਦੇ, ਤੂੰ  
ਆਰੋ-ਆਰੋ ਆਖ।

ਲੋਕ ਕਹਾਣੀ ਵੀ ਤੱਥਾਂ ਤਰੀਖਾਂ ਵਾਲੇ ਮਿਸਲਖਾਨਿਆਂ ਦੀ ਤੁਹਮਤਾਂ ਦਾ ਸ਼ਿਕਾਰ ਹੁੰਦੀ ਹੈ। ਇਨ੍ਹਾਂ ਗਾਲਬ ਮਿਸਲਖਾਨਿਆਂ ਮੁਤਾਬਕ 'ਤੱਥ ਤਰੀਖਾਂ' ਤੇ 'ਸੱਚ' ਹਮ-ਮਾਅਨੇ ਹਨ, ਤੁੱਲਅਰਥੀ ਸ਼ਬਦ ਹਨ। ਸਿਆਣਿਆਂ ਦੀ ਦਲੀਲ ਹੈ ਕਿ ਤੱਥਾਂ ਤਰੀਖਾਂ ਵਾਲੇ ਮਿਸਲਖਾਨਿਆਂ ਦੀ ਬੁਨਿਆਦ 'ਤੇ ਸਿਰਜੇ ਇਤਿਹਾਸ ਦੇ ਮੁਕਾਬਲੇ 'ਤੇ ਲੋਕ ਕਹਾਣੀਆਂ ਦਾ ਸਿਰਜਿਆ ਇਤਿਹਾਸ ਹੁੰਦਾ ਹੈ। ਜਿਸ ਦੀ ਸਾਜਣਾ, ਤੱਥਾਂ ਤਰੀਖਾਂ 'ਚ ਨਹੀਂ, ਬਲਕਿ ਪ੍ਰਤੀਕਾਂ/ ਸੈਨਤਾਂ 'ਚ ਹੋਈ ਹੁੰਦੀ ਹੈ।

'ਮੂਲ' ਦੀ ਸੁਰੱਖਿਆ ਅਤੇ ਇਸ ਦੀ ਵੰਨ ਸੁਵੰਨੀ ਸ਼ਕਲਾਂ 'ਚ ਪੇਸ਼ਕਾਰੀ ਲੋਕ ਕਹਾਣੀ ਦਾ ਖਾਸਾ ਹੁੰਦੀ ਹੈ। ਹੀਰ ਰਾਂਝੇ ਨੂੰ ਪੰਜ ਪੀਰਾਂ ਦੀ ਨਸੀਹਤ ਯਾਦ ਹੈ ਕਿ ਇਸ਼ਕ ਨੂੰ ਮਿਹਣਾ ਨਹੀਂ ਲਵਾਉਣਾ ਅਤੇ ਇਸ਼ਕ ਤੋਂ ਕਦੇ ਡੋਲਣਾ ਨਹੀਂ। ਲੋਕਾਈ ਦੇ ਸਾਹਿਤਕਾਰ/ ਕਲਾਕਾਰ ਕਹਾਣੀ ਦੇ ਮੂਲ ਤੋਂ ਮੁਤਾਸਰ ਹੁੰਦੇ ਹਨ। ਅਕਲ ਲਤੀਫ ਤਾਂ ਮੂਲ ਦੀਆਂ ਵੰਨ ਸੁਵੰਨੀ ਮੂਰਤਾਂ ਨੂੰ ਵਖਰੇਵਾਂ ਗਰਦਾਨ ਕੇ ਕਹਾਣੀ ਦੇ ਮੂਲ ਨੂੰ ਮੈਲਾ ਮਲੂਟਾ ਕਰ ਦਿੰਦੇ ਹਨ। ਇਸ ਵਿੱਚ ਵਿਗਾੜ ਪਾ ਦਿੰਦੇ ਨੇ। ਉਨ੍ਹਾਂ ਨੂੰ ਕਾਲੇ ਲੇਖ ਲਿਖਣ ਦੀ ਬਾਣ ਹੁੰਦੀ ਐ। ਬਾਬ ਫਰੀਦ ਅਜਿਹੇ ਅਕਲ ਲਤੀਫਾਂ ਨੂੰ ਫਿਟਕਾਰਦਾ ਹੈ ਜਿਨ੍ਹਾਂ ਦੇ ਦਿਲ 'ਅੰਧਿਆਰੀ ਰਾਤ' ਨਾਲ ਕੱਜੇ ਹੁੰਦੇ ਹਨ ਤੇ ਉਹ ਚਾਨਣ ਮੁਨਾਰੇ ਹੋਣ ਦਾ ਪਾਖੰਡ ਕਰਦੇ ਹਨ। ਆਪਣੇ ਗਿਰੇਬਾਨ 'ਚ ਝਾਤੀ ਨਹੀਂ ਮਾਰਦੇ। 'ਅੰਧਿਆਰੀ ਰਾਤਿ' ਮਸਾਣ ਮਾਨਿੰਦ ਹੁੰਦੀ ਹੈ, ਬਿਰਹਾ ਦੇ ਸੁਲਤਾਨ, ਭਾਵ ਇਸ਼ਕ ਤੋਂ ਵਿਰਵੇ ਹੁੰਦੀ ਹੈ। ਅਜਿਹੇ ਨਕਲੀ ਤੇ ਨੀਰਸ ਸਿਆਣਿਆਂ ਨੂੰ ਇਸ਼ਕ ਦੇ ਇਸਲਾਮ ਜਿਹਾ, ਕਦੇ ਗੁਰਮਤਿ ਜਿਹਾ ਅਤੇ ਕਦੇ ਹਿੰਦੂ ਰੰਗ 'ਚ ਰੰਗਿਆ ਨਜ਼ਰ ਆਉਂਦਾ ਹੈ। ਉਹ ਇਸ਼ਕ ਦਾ ਬਾਣਾ ਹੀ ਵੇਖਦੇ ਹਨ, ਇਸ਼ਕ ਦੀ ਬਾਣੀ ਨੂੰ ਨਾ ਪੜ੍ਹਦੇ ਹਨ, ਨਾ ਵਿਚਾਰਦੇ ਹਨ। ਉਨ੍ਹਾਂ ਨੂੰ ਇਸ਼ਕ ਦੇ ਮੂਲ ਦੀ ਸਮਝ ਨਹੀਂ। ਵੈਸੇ ਇਸ਼ਕ ਨਾ ਪੜ੍ਹਨ ਵਾਲਾ ਅਤੇ ਨਾ ਹੀ ਵਿਚਾਰਨ ਵਾਲਾ ਵਰਤਾਰਾ ਹੈ। ਇਸ ਵਿੱਚ ਤਾਂ ਵਿਚਰਿਆ ਹੀ ਜਾ ਸਕਦੈ। ਬਾਬਾ ਨਾਨਕ ਦਾ ਇਕ ਪਾਕ ਬੋਲ ਯਾਦ ਆ ਰਿਹਾ ਹੈ:

ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੇ ਪਾਸਿ॥  
ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ॥

ਬਾਬਾ ਫਰੀਦ ਨੇ ਵੀ ਇੰਜ ਹੀ ਫਰਮਾਇਆ ਸੀ:

ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥

ਰਾਂਝੇ ਨੂੰ 'ਰਤੜੇ' ਤੇ 'ਰੰਗਿ' ਦੇ ਸੰਕੇਤਣ ਦੀ ਸੋਝੀ ਹੈ:

ਰਾਜ਼ੀ ਹੋਇ ਪੰਜ ਪੀਰਾਂ ਹੁਕਮ ਕੀਤਾ,  
ਬੱਚਾ ਮੰਗ ਲੈ ਦੁਆ ਜੋ ਮੰਗਣੀ ਹੈ  
ਅਜੀ ਹੀਰ ਜੱਟੀ ਮੈਨੂੰ ਬਖਸ ਦੇਵੋ,  
ਰੰਗਣ ਸ਼ੌਕ ਦੇ ਨਾਲ ਉਹ ਰੰਗਣੀ ਹੈ  
ਮੈਨੂੰ ਕਰੋ ਮਲੰਗ ਬਿਭੂਤ ਲਾਉ,  
ਬੱਚਾ ਉਹ ਵੀ ਤੇਰੀ ਮਲੰਗਣੀ ਹੈ  
ਜੇਹੇ ਨਾਲ ਰਹੀਏ, ਤੇਰੇ ਹੋਇ ਜਾਇਏ,  
ਨੰਗਾਂ ਨਾਲ ਰਹੇ, ਉਹ ਵੀ ਨੰਗਣੀ ਹੈ

# ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ



ਕਿਸ਼ਨ ਸਿੰਘ ਦੇ ਘਰ ਸੀ ਜਨਮ ਹੋਇਆ, ਹੈਸੀ ਸ਼ੁਰੂ ਤੋਂ ਹੀ ਹੋਣਹਾਰ ਸੋਹਣਾ।  
ਭਗਤ ਸਿੰਘ ਸੀ ਮਾਪਿਆਂ ਨਾਂ ਰੱਖਿਆ, ਹਰ ਕੰਮ 'ਚ ਸੀ ਹੁਸ਼ਿਆਰ ਸੋਹਣਾ।  
ਬਚਪਨ ਵਿੱਚ ਅਜ਼ਾਦੀ ਦਾ ਲਿਆ ਸੁਪਨਾ, ਹੋਇਆ ਫਾਂਸੀ ਤੋਂ ਬਾਅਦ ਸਾਕਾਰ ਸੋਹਣਾ।  
ਦੇਸ਼ ਵਿਦੇਸ਼ 'ਚ ਕਰ ਗਿਆ ਨਾਂ ਰੋਸ਼ਨ, ਭਾਰਤ ਦੇਸ਼ ਦਾ ਬਾਂਕਾ ਬਲਕਾਰ ਸੋਹਣਾ।  
ਉਹ ਤਾਂ ਸੀ ਜਮਾਂਦਰੂ ਇਨਕਲਾਬੀ, ਓਹਦੇ ਖੂਨ ਦੇ ਵਿੱਚ ਇਨਕਲਾਬ ਹੈਸੀ।  
ਗਿਣ-ਗਿਣ ਕੇ ਓਨ੍ਹਾਂ ਤੋਂ ਲਏ ਬਦਲੇ, ਮਿੱਧੇ ਜਿਨ੍ਹਾਂ ਨੇ ਫੁੱਲ ਗੁਲਾਬ ਹੈਸੀ।  
ਕਰਕੇ ਕਤਲ ਲਾਹੌਰ ਵਿੱਚ ਸਾਂਡਰਸ ਦਾ, ਓਹਨੇ ਜ਼ੁਲਮ ਦਾ ਦਿੱਤਾ ਜੁਆਬ ਹੈਸੀ।  
ਬੰਬ ਸੁੱਟ ਕੇ ਵਿੱਚ ਅਸੈਂਬਲੀ ਦੇ, ਕੀਤਾ ਕੰਮ ਉਸ ਲਾ-ਜੁਆਬ ਹੈਸੀ।  
ਸਮੇਂ-ਸਮੇਂ ਤਸੀਹੇ ਸਨ ਗਏ ਦਿੱਤੇ, ਪਰ ਦਿਲ ਕਦੇ ਨਾ ਛੱਡਿਆ ਭਗਤ ਸਿੰਘ ਨੇ।  
ਜੀਹਨੇ ਦੇਸ਼ ਦੇ ਲੋਕਾਂ ਤੇ ਜ਼ੁਲਮ ਕੀਤਾ, ਫਸਤਾ ਓਸੇ ਦਾ ਵੱਢਿਆ ਭਗਤ ਸਿੰਘ ਨੇ।  
ਓਹਦੇ ਰਾਹ 'ਚ ਕੰਡੇ ਸੀ ਜਿਸ ਬੀਜੇ, ਕੰਡਾ ਓਸੇ ਦਾ ਕੱਢਿਆ ਭਗਤ ਸਿੰਘ ਨੇ।  
ਕਰਕੇ ਨੀਂਦ ਹਰਾਮ ਫਰੰਗੀਆਂ ਦੀ, ਝੰਡਾ ਹਿੱਕ ਤੇ ਗੱਡਿਆ, ਭਗਤ ਸਿੰਘ ਨੇ।  
ਲਾੜੀ ਮੌਤ ਨਾਲ ਵਿਆਹ ਕਰਵਾਉਣ ਵੇਲੇ, ਉਸ ਦੂਲੇ ਦੀ ਵੱਖਰੀ ਸ਼ਾਨ ਹੈਸੀ।  
ਓਹਦੇ ਨੈਣਾਂ ਦੇ ਵਿੱਚ ਬਗਾਵਤਾਂ ਸੀ, ਓਹਦੀ ਮੁੱਠੀ ਦੇ ਵਿੱਚ ਤੂਫਾਨ ਹੈਸੀ।  
ਓਹਨੇ ਆਪਣੀ ਜਾਨ ਤੇ ਖੇਡ ਕੇ ਤੇ, ਪਾਈ ਹਿੰਦ ਦੀ ਜਾਨ ਵਿੱਚ ਜਾਨ ਹੈਸੀ।  
ਸ਼ਹੀਦਾਂ ਵਿੱਚੋਂ ਸਿਰਮੌਰ ਸ਼ਹੀਦ ਸੀ ਉਹ, ਹੋਇਆ ਦੇਸ਼ ਲਈ ਜਿਹੜਾ ਕੁਰਬਾਨ ਹੈਸੀ।  
ਸਾਰੀ ਉਮਰ ਸੀ ਓਸ ਸੰਘਰਸ਼ ਕੀਤਾ, ਚਲਦਾ ਰਿਹਾ ਉਹ ਖੰਡੇ ਦੀ ਧਾਰ ਉੱਤੇ।  
ਖਿੜੇ ਮੱਥੇ ਹੀ ਗਲੇ ਪੁਆ ਫੰਧਾ, ਜਾ ਕੇ ਖੜ੍ਹ ਗਿਆ ਫਾਂਸੀ ਦੀ ਦਾਰ ਉੱਤੇ।  
ਆਪਣੇ ਲਹੂ ਨਾਲ ਲਿਖ ਤਕਦੀਰ ਸਾਡੀ, ਨਾਂ ਛੱਡ ਗਿਆ 'ਜਾਚਕ' ਸੰਸਾਰ ਉੱਤੇ।  
ਸ਼ਹੀਦੇ ਆਜ਼ਮ ਸ: ਭਗਤ ਸਿੰਘ ਦੇ, ਮੇਲੇ ਲੱਗ ਰਹੇ ਨੇ ਯਾਦਗਾਰ ਉੱਤੇ।

ਡਾ. ਹਰੀ ਸਿੰਘ ਜਾਚਕ

ਐਮ.ਏ. (ਇੰਗਲਿਸ਼, ਧਰਮ ਅਧਿਐਨ) ਪੀਐਚ.ਡੀ. (ਗੋਲਡ ਮੈਡਲਿਸਟ)  
Like our Facebook Page : www.facebook.com/jachakpoetry  
Youtube Channel : Jachak Poetry | Website : www.drharisinghjachak.com  
Mobile : 099883-21245, 098722-05910

Dr. Randhawa Dentistry

Your own dentist who really cares for you

We Provide the following Services:

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa  
General Family Dentist

New Patients welcome  
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES  
Invisible Braces ਜਿਹਦੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ  
Show Your Smile More With Invisible Braces!

FIRST LOCATION  
DENTISTRY @ BONNIE BRAES  
50 CHESTERWOOD CRES, UNIT 2  
BRAMPTON, ON L6Y 0Z4  
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)  
Tel : 905-230-9044

NEW LOCATION  
10 SQUIRE ELLIS DR, UNIT 5-6  
BRAMPTON, ON L6P 4K6  
(MAJOR INTERSECTION: GORE RD/MAYFIELD)  
Tel :905-794-5111

Mayfield Rd, Mcvean Dr, Gore Rd, Squire Ellis Dr, Countryside Dr, DENTISTRY

NEED A LAWYER ??

KAUR LAW OFFICE

Red Seal NOTARY

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

MANJEET KAUR  
L.L.B., (London UK)  
Barrister, Solicitor & Notary Public

Tel : 905-454-0099  
Fax: 905-454-2234  
2575 Steeles Ave. E., Unit 1,Brampton, ON L6T 5T1

# ਡੀ ਟੀ ਓ ਦੇ ਜਾਅਲੀ ਦਸਤਖਤ ਨਾਲ 179 ਗੱਡੀਆਂ ਪਾਸ ਹੋ ਗਈਆਂ

## * ਆਰ ਟੀ ਆਈ ਨਾਲ ਪਟਿਆਲੇ ਦਾ ਸਕੈਂਡਲ ਜ਼ਾਹਰ

ਪਟਿਆਲਾ, 20 ਫਰਵਰੀ (ਪੋਸਟ ਬਿਊਰੋ)- ਸਾਲ 2016 ਵਿੱਚ ਡੀ ਟੀ ਓ ਦਫਤਰ ਤੋਂ ਪਾਸ ਕੀਤੀਆਂ ਕਰੀਬ 179 ਗੱਡੀਆਂ ਦੇ ਫਾਰਮ 'ਤੇ ਡਿਸਟ੍ਰਿਕਟ ਟਰਾਂਸਪੋਰਟ ਅਫਸਰ ਦੇ ਦਸਤਖਤ ਫਰਜ਼ੀ ਹਨ। ਇਸ ਦਾ ਪਰਦਾ ਫਾਸ਼ ਟਰਾਂਸਪੋਰਟ ਡਿਪਾਰਟਮੈਂਟ ਵਿੱਚ ਪਾਈ ਇੱਕ ਆਰ ਟੀ ਆਈ ਅਰਜ਼ੀ ਨਾਲ ਹੋਇਆ ਹੈ। ਓਦੋਂ ਦੇ ਡੀ ਟੀ ਓ ਪਟਿਆਲਾ ਗੁਰਪ੍ਰੀਤ ਸਿੰਘ ਥਿੰਦ ਨੇ ਕਿਹਾ ਹੈ ਕਿ ਨੁਕਸ ਫਾਰਮ ਉੱਤੇ ਕੀਤੇ ਗਏ ਦਸਤਖਤ ਉਨ੍ਹਾਂ ਦੇ ਨਹੀਂ ਹਨ।




ਸਵਾਲ ਉਠਦਾ ਹੈ ਕਿ ਪੀ ਸੀ ਐੱਸ ਅਧਿਕਾਰੀ ਦੇ ਦਸਤਖਤ ਕਿਸ ਨੇ ਕੀਤੇ। ਕੇਸ ਸਾਹਮਣੇ ਆਉਣ ਦੇ ਬਾਅਦ ਵਿਭਾਗੀ ਅਧਿਕਾਰੀਆਂ ਵੱਲੋਂ ਕੋਈ ਕਾਰਵਾਈ ਵੀ ਨਹੀਂ ਕੀਤੀ ਗਈ। ਪਤਾ ਲੱਗਾ ਹੈ ਕਿ ਪਿੱਛੇ ਜਿਹੇ ਡੀ ਟੀ ਓ ਥਿੰਦ ਦਾ ਬਠਿੰਡਾ ਵਿੱਚ ਏ ਡੀ ਸੀ ਵਜੋਂ ਤਬਾਦਲਾ ਹੋ ਗਿਆ ਹੈ। ਆਰ ਟੀ ਆਈ ਐਕਟੀਵਿਸਟ ਮਨਜੀਤ ਸਿੰਘ ਨੇ ਡੀ ਟੀ ਓ ਦਫਤਰ ਤੋਂ ਸਾਲ 2016 ਵਿੱਚ ਪਾਸ ਹੋਈਆਂ ਗੱਡੀਆਂ ਦੇ ਬਾਰੇ 7075 ਤੋਂ ਲੈ ਕੇ 7254 ਨੰਬਰ ਤੱਕ ਦੇ ਦਸਤਾਵੇਜ਼ਾਂ ਦੀ ਜਾਣਕਾਰੀ ਮੰਗੀ ਸੀ। ਇਨ੍ਹਾਂ ਦਸਤਾਵੇਜ਼ਾਂ ਨਾਲ ਇੱਕ ਨੁਕਸ ਫਾਰਮ ਮੰਗਿਆ ਗਿਆ ਸੀ। ਨੁਕਸ ਫਾਰਮ 'ਤੇ ਤਤਕਾਲੀ ਡੀ ਟੀ ਓ ਗੁਰਪ੍ਰੀਤ ਸਿੰਘ ਥਿੰਦ ਦੇ ਦਸਤਖਤ ਸਨ। ਆਰ ਟੀ ਆਈ ਦੇ ਜਵਾਬ ਵਿੱਚ ਤਤਕਾਲੀ ਡੀ ਟੀ ਓ ਨੇ ਦੱਸਿਆ ਹੈ ਕਿ ਨੁਕਸ ਫਾਰਮ ਉੱਤੇ ਉਨ੍ਹਾਂ ਦੇ ਹਸਤਾਖਰ ਨਹੀਂ ਹਨ। ਆਰ ਟੀ ਆਈ ਵਿੱਚ ਇਹ ਜਾਣਕਾਰੀ ਵੀ ਮੰਗੀ ਗਈ ਕਿ ਦਸਤਖਤ ਕਰਨ ਵੇਲੇ ਡੀ ਟੀ ਓ ਨੇ ਖੁਦ ਗੱਡੀਆਂ ਚੈੱਕ ਕੀਤੀਆਂ ਜਾਂ ਨਹੀਂ। ਜਵਾਬ ਵਿੱਚ ਸਿਰਫ ਇਹੀ ਕਿਹਾ ਗਿਆ ਕਿ ਗੱਡੀਆਂ ਦੇ ਨੁਕਸ ਫਾਰਮ ਉੱਤੇ ਤਤਕਾਲੀ ਡੀ ਟੀ ਓ ਦੇ ਦਸਤਖਤ ਨਹੀਂ ਹਨ।

# ਚੱਢਾ ਨੇ ਅੰਮ੍ਰਿਤ ਛਕ ਕੇ ਸਰਟੀਫਿਕੇਟ ਲੈਣ ਨਾਲ ਜਥੇਦਾਰ ਲਈ ਮੁਸੀਬਤ ਖੜ੍ਹੀ ਕੀਤੀ

ਅੰਮ੍ਰਿਤਸਰ, 20 ਫਰਵਰੀ (ਪੋਸਟ ਬਿਊਰੋ)- ਚੀਫ ਖਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ, ਜਿਹੜੇ ਵਿਵਾਦਾਂ ਵਿੱਚ ਫਸਣ ਪਿੱਛੋਂ ਅਹੁਦੇ ਤੋਂ ਹਟਾਏ ਗਏ ਸਨ, ਨੇ ਮੁੜ ਅੰਮ੍ਰਿਤ ਛਕ ਲਏ ਜਾਣ ਦਾ ਸਰਟੀਫਿਕੇਟ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਨੂੰ ਭੇਜ ਕੇ ਸਿੰਘ ਸਾਹਿਬਾਨ ਨੂੰ ਕਸੂਤੇ ਫਸਾਉਣ ਦਾ ਕੰਮ ਕਰ ਦਿੱਤਾ ਹੈ। ਇਸ ਨਾਜ਼ਕ ਮਾਮਲੇ 'ਤੇ ਜਥੇਦਾਰ ਖਾਮੋਸ਼ ਹਨ, ਕਿਉਂਕਿ ਇਸ ਕਾਰਨ ਇੱਕ ਧਰਮ ਸੰਕਟ ਬਣ ਸਕਦਾ ਹੈ। ਪੰਜ ਤਖਤਾਂ ਦੇ ਜਥੇਦਾਰਾਂ ਨੇ ਚੱਢਾ ਉੱਤੇ ਪਾਬੰਦੀ ਲਾਈ ਸੀ ਤੇ ਪੰਜ ਪਿਆਰਿਆਂ ਨੇ ਉਸ ਨੂੰ ਮੁੱਖ-ਧਾਰਾ ਵਿੱਚ ਸ਼ਾਮਲ ਕਰ ਲਿਆ ਹੈ।

ਅਕਾਲ ਤਖਤ ਦੇ ਦਫਤਰ ਸਕੱਤਰੇਤ ਵਿਖੇ 23 ਜਨਵਰੀ 2018 ਨੂੰ ਪੰਜ ਜਥੇਦਾਰਾਂ ਨੇ ਚਰਨਜੀਤ ਸਿੰਘ ਚੱਢਾ ਦੀ ਇੱਕ ਅਸ਼ਲੀਲ ਵੀਡੀਓ ਆਉਣ ਉੱਤੇ ਉਨ੍ਹਾਂ 'ਤੇ ਦੋ ਸਾਲ ਤੱਕ ਧਾਰਮਿਕ, ਸਮਾਜਿਕ, ਰਾਜਨੀਤਕ ਅਤੇ ਵਿਦਿਅਕ ਸਮਾਗਮਾਂ ਵਿੱਚ ਬੋਲਣ ਦੀ ਪਾਬੰਦੀ ਲਾਈ ਸੀ। ਇਸ ਤੋਂ ਬਾਅਦ ਚੱਢਾ ਕਾਫੀ ਸਮੇਂ ਤੋਂ ਆਪਣੀ ਵਾਪਸੀ ਲਈ ਯਤਨ ਕਰ ਰਹੇ ਸਨ। ਉਨ੍ਹਾਂ ਇੱਕ ਅਨੋਖਾ ਢੰਗ ਵਰਤਿਆ ਕਿ ਤਿੰਨ ਫਰਵਰੀ ਨੂੰ ਅਕਾਲ ਤਖਤ ਸਾਹਿਬ 'ਤੇ ਹੋ ਰਹੇ ਅੰਮ੍ਰਿਤ-ਸੰਚਾਰ ਵਿੱਚ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਲਿਆ। ਇਸ ਤੋਂ ਬਾਅਦ ਚਰਨਜੀਤ ਸਿੰਘ ਚੱਢਾ ਨੇ ਦਫਤਰ ਅਕਾਲ ਤਖਤ ਸਾਹਿਬ ਵਿਖੇ ਅੰਮ੍ਰਿਤ ਛਕੇ ਜਾਣ ਦਾ ਸਰਟੀਫਿਕੇਟ ਭੇਜ ਦਿੱਤਾ ਹੈ। ਪਤਾ



ਲੱਗਾ ਹੈ ਕਿ ਚਰਨਜੀਤ ਸਿੰਘ ਚੱਢਾ ਨੇ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਦੋ ਵਾਰ ਚਿੱਠੀਆਂ ਦਿੱਤੀਆਂ ਕਿ ਕਾਨੂੰਨ ਅਨੁਸਾਰ ਉਹ ਬਰੀ ਹੋ ਗਏ ਹਨ, ਜਿਸ ਦੇ ਦਸਤਾਵੇਜ਼ ਜਮ੍ਹਾ ਕਰਵਾ ਦਿੱਤੇ ਸਨ, ਪਰ ਉਨ੍ਹਾਂ ਨੂੰ ਕੋਈ ਜਵਾਬ ਨਹੀਂ ਮਿਲਿਆ। ਚਰਨਜੀਤ ਸਿੰਘ ਚੱਢਾ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਅਕਾਲ ਤਖਤ ਸਾਹਿਬ ਤੋਂ ਜਾਰੀ ਸਿੱਖ ਰਹਿਤ ਮਰਿਆਦਾ ਪੜ੍ਹੀ ਤਾਂ ਪਤਾ ਲੱਗਾ ਕਿ ਕਿਉਂਕਿ ਉਨ੍ਹਾਂ ਕੋਲੋਂ ਬਜਰ ਕੁਰਹਿਤ ਹੋਈ ਹੈ, ਇਸ ਲਈ ਉਨ੍ਹਾਂ ਦੇ ਕੇਸ ਦੇ ਸੰਬੰਧ ਵਿੱਚ ਉਨ੍ਹਾਂ ਨੂੰ ਪੰਜਾਂ ਪਿਆਰਿਆਂ ਅੱਗੇ ਪੇਸ਼ ਹੋਣਾ ਪੈਣਾ ਹੈ। ਇਸ ਕਰ ਕੇ ਉਨ੍ਹਾਂ ਨੇ 21 ਜਨਵਰੀ 2019 ਨੂੰ ਅਕਾਲ ਤਖਤ ਦੇ ਜਥੇਦਾਰ ਨੂੰ ਅਰਜ਼ੀ ਦਿੱਤੀ ਕਿ ਉਹ ਆਪਣੇ ਉੱਤੇ ਚੱਲਦੇ ਕੇਸ ਦੇ ਸੰਬੰਧ ਵਿੱਚ ਅਤੇ ਜਾਣੇ-ਅਣਜਾਣੇ ਹੋਈਆਂ ਭੁੱਲਾਂ ਲਈ ਤਿੰਨ ਫਰਵਰੀ ਨੂੰ ਅਕਾਲ ਤਖਤ ਸਾਹਿਬ ਵਿਖੇ ਹੋ ਰਹੇ ਅੰਮ੍ਰਿਤ ਸੰਚਾਰ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ, ਸੰਗਤ ਅਤੇ ਪੰਜਾਂ ਪਿਆਰਿਆਂ ਪਾਸੋਂ ਖਿਮਾ ਜਾਚਣਾ ਲਈ ਪੇਸ਼ ਹੋ ਕੇ ਅੰਮ੍ਰਿਤ ਦੀ ਸੁਧਾਈ ਕਰਨਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਅਕਾਲ ਤਖਤ ਸਾਹਿਬ ਵਿਖੇ ਆਪਣੀ ਧਰਮ ਪਤਨੀ ਨਾਲ ਪੇਸ਼ ਹੋ ਕੇ ਅੰਮ੍ਰਿਤ ਦੀ ਸੁਧਾਈ ਦੀ ਬੇਨਤੀ ਕੀਤੀ ਸੀ, ਜਿਸ 'ਤੇ ਪੰਜਾਂ ਪਿਆਰਿਆਂ ਨੇ ਉਨ੍ਹਾਂ ਪਾਸੋਂ ਬੱਜਰ ਕੁਰਹਿਤ ਹੋਣ ਕਾਰਨ ਫਿਰ ਅੰਮ੍ਰਿਤ ਦੀ ਦਾਤ ਦਿੰਦਿਆਂ ਗੁਰ ਸਿੱਖੀ ਜੀਵਨ ਜਿਊਣ ਦੀ ਬਖਸ਼ਿਸ਼ ਕੀਤੀ ਹੈ। ਅਕਾਲ ਤਖਤ ਦੇ ਸਾਬਕਾ ਪੰਜਾਂ ਪਿਆਰਿਆਂ ਵਿੱਚ ਸੇਵਾ ਨਿਭਾਉਣ ਵਾਲੇ ਭਾਈ ਮੇਜਰ ਸਿੰਘ ਨੇ ਕਿਹਾ ਕਿ ਚਰਨਜੀਤ ਸਿੰਘ ਚੱਢਾ ਨੇ ਜੇ ਅਕਾਲ ਤਖਤ ਸਾਹਿਬ ਵਿਖੇ ਪੰਜਾਂ ਪਿਆਰਿਆਂ ਪਾਸ ਪੇਸ਼ ਹੋ ਕੇ ਗੁਰੂ ਗ੍ਰੰਥ ਸਾਹਿਬ ਅਤੇ ਸੰਗਤ ਦੀ ਹਾਜ਼ਰੀ ਵਿੱਚ ਅੰਮ੍ਰਿਤ ਛਕ ਲਿਆ ਹੈ ਤਾਂ ਸਕੱਤਰੇਤ ਇਸ ਉੱਤੇ ਇਸ ਦੇ ਬਾਅਦ ਕੋਈ ਪਾਬੰਦੀ ਨਹੀਂ ਲਾ ਸਕਦਾ। ਇਸ ਬਾਰੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਹਿਲੀ ਗੱਲ ਇਹ ਹੈ ਕਿ ਵੀਡੀਓ ਮਾਮਲੇ ਵਿੱਚ ਚਰਨਜੀਤ ਸਿੰਘ ਚੱਢਾ ਨੇ ਪੰਜ ਜਥੇਦਾਰਾਂ ਸਾਹਮਣੇ ਕਿਹਾ ਸੀ ਕਿ ਉਨ੍ਹਾਂ ਅਜਿਹਾ ਕੁਝ ਨਹੀਂ ਕੀਤਾ ਜਿਸ ਨਾਲ ਬਜਰ ਕੁਰਹਿਤ ਹੋਈ ਹੋਵੇ। ਚੱਢਾ ਦੇ ਬਿਆਨ ਕਾਰਨ ਜਥੇਦਾਰਾਂ ਨੇ ਉਸ 'ਤੇ ਦੋ ਸਾਲ ਦੀ ਪਾਬੰਦੀ ਲਾਈ। ਉਨ੍ਹਾਂ ਕਿਹਾ ਕਿ ਜੋ ਉਨ੍ਹਾਂ ਪੰਜ ਪਿਆਰਿਆਂ ਨਾਲ ਮਸ਼ਵਰਾ ਕੀਤਾ ਤਾਂ ਪਤਾ ਲੱਗਾ ਹੈ ਕਿ ਚੱਢਾ ਨੇ ਉਥੇ ਕੁੱਠਾ ਖਾਣ ਦੀ ਕੁਰਹਿਤ ਮੰਨੀ ਹੈ। ਉਨ੍ਹਾਂ ਕਿਹਾ ਕਿ ਚੱਢਾ ਪੰਜ ਜਥੇਦਾਰਾਂ ਅਤੇ ਪੰਜ ਪਿਆਰਿਆਂ ਨੂੰ ਗੁੰਮਰਾਹ ਕਰ ਰਹੇ ਹਨ।

## ਤਾਰ ਮੁਰੰਮਤ ਦੇ ਸ਼ਟ ਡਾਊਨ ਦੌਰਾਨ ਬਿਜਲੀ ਚਾਲੂ ਕਰਨ ਨਾਲ ਲਾਈਨਮੈਨ ਦੀ ਮੌਤ

ਕਰਤਾਰਪੁਰ, 20 ਫਰਵਰੀ (ਪੋਸਟ ਬਿਊਰੋ)- ਕਰਤਾਰਪੁਰ-ਕਪੂਰਥਲਾ ਰੇਲਵੇ ਫਾਟਕ ਉੱਤੇ ਕੱਲ੍ਹ ਦੁਪਹਿਰ ਬਿਜਲੀ ਦੀਆਂ ਤਾਰਾਂ ਠੀਕ ਕਰਦੇ ਇੱਕ ਪ੍ਰਾਈਵੇਟ (ਸੀ ਐੱਚ ਪੀ) ਲਾਈਨਮੈਨ ਦੀ ਤਾਰਾਂ ਵਿੱਚ ਕਰੰਟ ਆ ਜਾਣ ਕਾਰਨ ਮੌਤ ਹੋ ਗਈ। ਉਸ ਨਾਲ ਕੰਮ ਕਰ ਰਹੇ ਕਰਮਚਾਰੀਆਂ ਨੇ ਉਸ ਨੂੰ ਕਰਤਾਰਪੁਰ ਸਿਵਲ ਹਸਪਤਾਲ ਪਹੁੰਚਾਇਆ, ਪਰ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਉਸ ਦੀ ਪਛਾਣ ਸੁਖਦੇਵ ਸਿੰਘ ਪੁੱਤਰ ਸੁਖਜਿੰਦਰ ਸਿੰਘ ਵਾਸੀ ਬੰਬਿਆਵਾਲ, ਜਲੰਧਰ ਕੈਂਟ ਹਾਲ ਵਾਸੀ ਪਿੰਡ ਮੱਲੀਆਂ ਦੇ ਰੂਪ ਵਿੱਚ ਹੋਈ ਹੈ, ਜੋ ਆਪਣੀ ਭੂਆ ਦੇ ਘਰ ਰਹਿ ਰਿਹਾ ਸੀ। ਪਾਵਰਕਾਮ ਦੇ ਮੁਲਾਜ਼ਮ ਹੁਸ਼ਿਆਰਪੁਰ ਸਿੰਘ ਨੇ ਦੱਸਿਆ ਕਿ ਉਹ ਵੀ ਨਾਲ ਕੰਮ ਕਰ ਰਹੇ ਸਨ, ਪਰ ਪਤਾ ਨਹੀਂ ਕਿੱਥੋਂ ਅਚਾਨਕ ਕਰੰਟ ਆ ਗਿਆ। ਜੇ ਈ ਬਲਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪਰਮਿਟ 11 ਵੱਜ ਕੇ 45 ਮਿੰਟ ਉਤੇ ਲਿਆ ਸੀ, ਜੋ ਭੂਸ਼ਣ ਕੁਮਾਰ ਲੈ ਕੇ ਆਏ ਸਨ। ਬਿਜਲੀ ਦੀ ਸਪਲਾਈ ਪਿੱਛੋਂ ਬੰਦ ਕਰ ਦਿੱਤੀ ਸੀ, ਜਦ ਪਤਾ ਲੱਗਾ ਤਾਂ ਉਹ ਸੁਖਦੇਵ ਸਿੰਘ ਨੂੰ ਸਾਥੀਆਂ ਦੀ ਮਦਦ ਨਾਲ ਹਸਪਤਾਲ ਲੈ ਆਏ। ਪਰਵਾਰ ਤੇ ਰਿਸ਼ਤੇਦਾਰਾਂ ਨੇ ਪਾਵਰਕਾਮ ਦੇ ਪੱਕੇ ਮੁਲਾਜ਼ਮਾਂ 'ਤੇ ਦੋਸ਼ ਲਾਏ ਕਿ ਉਹ ਖੁਦ ਕੰਮ ਨਹੀਂ ਕਰਦੇ ਅਤੇ ਪ੍ਰਾਈਵੇਟ ਲਾਈਨਮੈਨਾਂ ਤੋਂ ਕਰਾਉਂਦੇ ਸਨ ਜਿਸ ਦਾ ਇਹ ਨਤੀਜਾ ਹੈ ਕਿ ਅਸੀਂ ਆਪਣਾ ਬੇਟਾ ਗੁਆ ਦਿੱਤਾ ਹੈ।

## ਉਮਰਾਨੰਗਲ ਦੀ ਗ੍ਰਿਫਤਾਰੀ ਪਿੱਛੋਂ ਕਈ ਪੁਲਸ ਅਧਿਕਾਰੀ ਕਾਨੂੰਨੀ ਰਾਏ ਲੈਣ ਰੁੱਝੇ



ਚੰਡੀਗੜ੍ਹ, 20 ਫਰਵਰੀ (ਪੋਸਟ ਬਿਊਰੋ)- ਸਾਲ 2016 ਵਿੱਚ ਹੋਏ ਬਹਿਬਲ ਕਲਾਂ ਅਤੇ ਕੋਟ ਕਪੂਰਾ ਗੋਲੀ ਕਾਂਡ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਵੱਲੋਂ ਪੰਜਾਬ ਪੁਲਸ ਦੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਦੀ ਗ੍ਰਿਫਤਾਰੀ ਦੇ ਬਾਅਦ ਕਈ ਪੁਲਸ ਅਫਸਰਾਂ ਵਿੱਚ ਤਰਥੱਲੀ ਮੱਚੀ ਪਈ ਹੈ। ਐਸ ਆਈ ਟੀ ਦੇ ਸੂਤਰਾਂ ਮੁਤਾਬਕ ਅਗਲੇ ਕੁਝ ਦਿਨਾਂ ਵਿੱਚ ਦੋਸ਼ੀ ਪੁਲਸ ਅਧਿਕਾਰੀਆਂ ਨੂੰ ਫਿਰ ਪੁੱਛਗਿੱਛ ਲਈ ਸੱਦਿਆ ਜਾ ਸਕਦਾ ਹੈ।

ਮਿਲੀ ਜਾਣਕਾਰੀ ਅਨੁਸਾਰ ਪਰਮਰਾਜ ਸਿੰਘ ਉਮਰਾਨੰਗਲ ਦੀ ਗ੍ਰਿਫਤਾਰੀ ਪਿੱਛੋਂ ਕਈ ਹੋਰ ਪੁਲਸ ਅਫਸਰਾਂ ਨੇ ਵਕੀਲਾਂ ਤੋਂ ਸਲਾਹ-ਮਸ਼ਵਰਾ ਲੈਣਾ ਸ਼ੁਰੂ ਕਰ ਦਿੱਤਾ ਹੈ ਤਾਂ ਕਿ ਅਗਾਊਂ ਜ਼ਮਾਨਤ ਮਿਲ ਸਕੇ। ਐੱਸ ਆਈ ਟੀ ਅਜੇ ਤੱਕ ਉਸ ਸਮੇਂ ਦੇ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਚੀਫ ਏ ਡੀ ਜੀ ਪੀ ਇਕਬਾਲ ਪ੍ਰੀਤ ਸਿੰਘ ਸਹੋਤਾ, ਆਈ ਜੀ ਬਠਿੰਡਾ ਰੇਂਜ ਜਤਿੰਦਰ ਜੈਨ, ਆਈ ਜੀ ਪਰਮਰਾਜ ਸਿੰਘ ਉਮਰਾਨੰਗਲ, ਡੀ ਆਈ ਜੀ ਫਿਰੋਜ਼ਪੁਰ ਰੇਂਜ ਰਣਬੀਰ ਸਿੰਘ ਖਟੜਾ, ਡਵੀਜ਼ਨਲ ਕਮਿਸ਼ਨਰ ਵੀ ਕੇ ਮੀਨਾ, ਕੋਟ ਕਪੂਰਾ ਦੇ ਐੱਸ ਪੀ ਹਰਜੀਤ ਸਿੰਘ ਅਤੇ ਐੱਸ ਡੀ ਐੱਮ ਹਰਜੀਤ ਸਿੰਘ ਸੰਧੂ ਦੇ ਸਮੇਤ 200 ਤੋਂ ਵੱਧ ਲੋਕਾਂ ਤੋਂ ਪੁੱਛਗਿੱਛ ਕਰ ਚੁੱਕੀ ਹੈ। ਗੋਲੀ ਕਾਂਡ ਦੀ ਜਾਂਚ ਕਰ ਰਹੀ ਐਸ ਆਈ ਟੀ ਨੂੰ ਕੇਸ ਦੀ ਤਹਿ ਤੱਕ ਪਹੁੰਚਣ ਵੱਡੇ ਪੱਧਰ 'ਤੇ ਕੰਮ ਕੀਤਾ ਤਾਂ ਪਤਾ ਲੱਗਾ ਕਿ ਗੋਲੀਆਂ ਦੀ ਟੈਂਪਰਿੰਗ ਕੀਤੀ ਗਈ ਅਤੇ ਕਾਰਤੂਸਾਂ ਦੇ ਖੋਲ ਵੀ ਬਦਲੇ ਗਏ ਸਨ। ਇਹ ਇਸ ਲਈ ਕੀਤਾ ਗਿਆ ਕਿ ਜਾਂਚ ਵਿੱਚ ਪਤਾ ਨਾ ਲੱਗ ਸਕੇ ਕਿ ਗੋਲੀ ਕਿਸ ਹਥਿਆਰ ਤੋਂ ਚਲਾਈ ਗਈ ਹੈ। ਅਜੇ ਤੱਕ ਦੀ ਜਾਂਚ ਵਿੱਚ ਉਨ੍ਹਾਂ ਹਥਿਆਰਾਂ ਦਾ ਪਤਾ ਨਹੀਂ ਲੱਗਾ, ਜਿਨ੍ਹਾਂ ਤੋਂ ਗੋਲੀਆਂ ਚਲਾਈਆਂ ਗਈਆਂ ਸਨ। ਐੱਸ ਆਈ ਟੀ ਇਨ੍ਹਾਂ ਅਧਿਕਾਰੀਆਂ ਤੋਂ ਪੁੱਛਗਿੱਛ ਦੇ ਦੌਰਾਨ ਇਹੀ ਜਾਨਣ ਵਿੱਚ ਲੱਗੀ ਹੈ ਕਿ ਸਬੂਤਾਂ ਦੇ ਨਾਲ ਛੇੜਛਾੜ ਕਿਸ ਦੇ ਕਹਿਣ 'ਤੇ ਕੀਤੀ ਗਈ ਹੈ।

## ਪੁਲਸ ਸੇਵਾ ਲਈ 100 ਨੰਬਰ ਦੀ ਥਾਂ ਅੱਗੇ ਤੋਂ 112 ਨੰਬਰ ਗੇੜਨਾ ਪਵੇਗਾ



*112 ਨੰਬਰ ਲਾਂਚ ਕਰਦੇ ਹੋਏ ਮੁੱਖ ਮੰਤਰੀ ਕੈ: ਅਮਰਿੰਦਰ ਸਿੰਘ, ਡੀਜੀਗੀ ਦਿਨਕਰ ਗੁਪਤਾ ਤੇ ਸੀਨੀਅਰ ਪੁਲਸ ਅਧਿਕਾਰੀ।*

ਜਲੰਧਰ, 20 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੰਡੀਗੜ੍ਹ ਵਿੱਚ ਆਪਣੇ ਨਿਵਾਸ ਸਥਾਨ 'ਤੇ ਐਮਰਜੈਂਸੀ ਰਿਸਪੌਂਸ ਸਪੋਰਟਸ ਸਿਸਟਮ (ਈ ਆਰ ਐੱਸ ਐੱਸ) ਲਾਂਚ ਕੀਤਾ ਹੈ। ਉਨ੍ਹਾਂ ਨੇ ਜਨਤਾ ਹਿਤੈਸ਼ੀ ਨਵੀਂ ਪਹਿਲ ਲਾਂਚ ਕਰਨ ਤੋਂ ਪਹਿਲਾਂ ਖੁਦ 112 ਨੰਬਰ ਡਾਇਲ ਕੀਤਾ ਤੇ ਪੁਲਸ ਕਰਮਚਾਰੀਆਂ ਨਾਲ ਗੱਲਬਾਤ ਕੀਤੀ। ਇਹ ਨੰਬਰ ਅਗਲੇ ਦੋ ਮਹੀਨਿਆਂ ਵਿੱਚ ਪੁਲਸ ਹੈਲਪ ਲਾਈਨ ਨੰਬਰ 100 ਦੀ ਥਾਂ ਲੈ ਲਏਗਾ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਨਵਾਂ ਨੰਬਰ 112 ਲਾਂਚ ਹੋਣ ਨਾਲ ਅਮਨ ਕਾਨੂੰਨ ਵਿਵਸਥਾ ਤੇ ਮਹਿਲਾ ਸੁਰੱਖਿਆ ਦੀ ਸਥਿਤੀ ਹੋਰ ਮਜ਼ਬੂਤ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਨਵਾਂ ਨੰਬਰ ਸ਼ੁਰੂ ਹੋਣ ਨਾਲ ਮੁਸੀਬਤਾਂ ਦੇ ਹਾਲਾਤ 'ਚ ਲੋਕਾਂ ਨੂੰ ਤੁਰੰਤ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਤੌਰ 'ਤੇ ਔਰਤਾਂ ਨੂੰ ਸੰਕਟ ਦੇ ਸਮੇਂ ਉਪਰੋਕਤ ਨੰਬਰ 112 'ਤੇ ਡਾਇਲ ਕਰਨ ਨਾਲ ਤੁਰੰਤ ਪੁਲਸ ਸਹਾਇਤਾ ਮਿਲੇਗੀ। ਵਰਨਣ ਯੋਗ ਹੈ ਕਿ ਦੇਸ਼ ਵਿੱਚ ਹਰ ਐਮਰਜੈਂਸੀ ਲਈ ਨੰਬਰ 112 ਇੱਕ ਦਿਨ ਪਹਿਲਾਂ ਸ਼ੁਰੂ ਹੋ ਗਿਆ ਸੀ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੀ ਮੌਜੂਦਗੀ 'ਚ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਮੇਨਕਾ ਗਾਂਧੀ ਨੇ ਬੀਤੇ ਦਿਨ ਇੱਕ ਪ੍ਰੋਗਰਾਮ ਵਿੱਚ ਰਿਮੋਟ ਦਾ ਬਟਨ ਦਬਾ ਕੇ 112 ਨੰਬਰ ਦੀ ਸ਼ੁਰੂਆਤ ਕੀਤੀ ਅਤੇ '112 ਐਪ' ਲਾਂਚ ਕੀਤਾ।

# ਅਕਾਲੀ-ਭਾਜਪਾਈਆਂ ਨੂੰ ਸਿੱਧੂ 'ਸ਼ੋਅਲੇ' ਦੇ ਗੱਬਰ ਵਾਂਗ ਸੁਫਨੇ ਵਿੱਚ ਵੀ ਦਿਸਦੈ: ਜਾਖੜ

ਅੰਮ੍ਰਿਤਸਰ, 20 ਫਰਵਰੀ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਅਕਾਲੀ-ਭਾਜਪਾ ਨੂੰ ਨਵਜੋਤ ਸਿੰਘ ਸਿੱਧੂ 'ਸ਼ੋਅਲੇ' ਦੇ ਗੱਬਰ ਸਿੰਘ ਵਾਂਗ ਸੁਫਨੇ ਵਿੱਚ ਵਿਖਾਈ ਦਿੰਦੇ ਹਨ, ਉਹ ਅਕਾਲੀ-ਭਾਜਪਾ ਤੇ ਖਾਸ ਕਰ ਕੇ ਬਿਕਰਮ ਸਿੰਘ ਮਜੀਠੀਆ ਲਈ ਹਊਆ ਬਣਿਆ ਪਿਆ ਹੈ। ਇਸੇ ਕਾਰਨ ਵਿਧਾਨ ਸਭਾ 'ਚ ਬਿਨਾਂ ਮੁੱਦੇ ਤੇ ਸਿੱਧੂ ਦੇ ਖਿਲਾਫ ਰੌਲਾ ਪਾਇਆ ਗਿਆ ਹੈ।

ਬੀਤੇ ਹਫਤੇ ਪੁਲਵਾਮਾ ਵਿੱਚ ਸੀ ਆਰ ਪੀ ਕਾਫਲੇ ਉੱਤੇ ਹੋਏ ਹਮਲੇ ਦੀ ਨਿਖੇਧੀ ਕਰਦਿਆਂ ਸੁਨੀਲ ਜਾਖੜ ਨੇ ਕਿਹਾ ਕਿ ਇਸ ਘਟਨਾ ਨਾਲ ਸਾਰਾ ਦੇਸ਼ ਸਦਮੇ ਵਿੱਚ ਹੈ। ਕਾਂਗਰਸ ਅਤੇ ਸਾਰਾ ਦੇਸ਼ ਪ੍ਰਧਾਨ ਮੰਤਰੀ ਦੇ ਨਾਲ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੋ ਵੀ ਫੈਸਲਾ ਪਾਕਿਸਤਾਨ ਸਰਕਾਰ ਬਾਰੇ ਲੈਣਗੇ, ਉਨ੍ਹਾਂ ਦਾ ਸਾਥ ਦਿੱਤਾ ਜਾਵੇਗਾ। ਇਹ ਦੇਸ਼ ਦਾ ਮਸਲਾ ਹੈ, ਇਸ ਉੱਤੇ ਸਿਆਸਤ ਨਹੀਂ ਕਰਨੀ ਚਾਹੀਦੀ। ਉਹ ਏਥੇ ਆਮ ਆਦਮੀ ਪਾਰਟੀ ਦੀ ਵਿਧਾਇਕ ਬਲਜਿੰਦਰ ਕੌਰ ਦੇ ਵਿਆਹ ਮੌਕੇ ਹਾਜ਼ਰੀ ਭਰਨ ਆਏ ਹੋਏ ਸਨ।



ਇਸ ਵਿਆਹ ਦੌਰਾਨ ਹੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਪੰਜਾਬ ਦੇ ਸਾਰੇ ਵਿਧਾਇਕਾਂ ਨੇ ਪੁਲਵਾਮਾ ਦੀ ਘਟਨਾ ਉੱਤੇ ਪਾਕਿਸਤਾਨ ਵਿਰੁੱਧ ਮਤਾ ਪਾਸ ਕੀਤਾ ਹੈ, ਪਰ ਨਵਜੋਤ ਸਿੰਘ ਸਿੱਧੂ ਹਮਦਰਦੀ ਵਿਖਾ ਰਿਹਾ ਹੈ।

## ਦੋ ਵਿਅਕਤੀਆਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ

ਤਰਨ ਤਾਰਨ, 20 ਫਰਵਰੀ (ਪੋਸਟ ਬਿਊਰੋ)- ਇਸ ਸ਼ਹਿਰ ਦੇ ਮੁਹੱਲਾ ਜਸਵੰਤ ਸਿੰਘ ਵਿਖੇ ਕੱਲ੍ਹ ਸ਼ਾਮ ਅਣਪਛਾਤੇ ਵਿਅਕਤੀਆਂ ਵੱਲੋਂ ਦੋ ਜਣਿਆਂ ਦਾ ਕਤਲ ਕਰ ਦਿੱਤਾ ਗਿਆ ਹੈ। ਘਟਨਾ ਦਾ ਸਮਾਚਾਰ ਸੁਣਦੇ ਹੀ ਨਵ-ਨਿਯੁਕਤ ਐੱਸ ਐੱਚ ਓ ਅਮਨਦੀਪ ਸਿੰਘ ਮੌਕੇ 'ਤੇ ਜਾਂਚ ਲਈ ਪਹੁੰਚ ਗਏ।

ਮਿਲੀ ਜਾਣਕਾਰੀ ਅਨੁਸਾਰ ਮੁਹੱਲਾ ਜਸਵੰਤ ਸਿੰਘ ਵਿਖੇ ਇੱਕ ਪੁਰਾਣੇ ਜਿਹੇ ਮਕਾਨ ਵਿੱਚ ਦੋ ਵਿਅਕਤੀਆਂ ਦੀਆਂ ਲਾਸ਼ਾਂ ਮਿਲੀਆਂ ਹਨ, ਜਿਨ੍ਹਾਂ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ। ਮ੍ਰਿਤਕਾਂ ਦੀ ਪਛਾਣ ਜੋਗਰਾਜ ਸਿੰਘ ਉਰਫ ਕਾਲੀਆ ਤੇ ਲਾਡੀ ਡਰਾਈਵਰ ਵਜੋਂ ਹੋਈ ਹੈ। ਲਾਡੀ ਡਰਾਈਵਰ ਦੀ ਭੈਣ ਨੇ ਦੱਸਿਆ ਕਿ ਉਸ ਦਾ ਭਰਾ ਸ਼ਾਮ ਤੱਕ ਘਰ ਨਾ ਆਇਆ ਤਾਂ ਉਹ ਜੋਗਰਾਜ ਸਿੰਘ ਦੇ ਘਰ ਵੇਖਣ ਗਈ ਤਾਂ ਮੰਜੇ 'ਤੇ ਪਈਆਂ ਲਾਸ਼ਾਂ ਦੇਖ ਕੇ ਹੱਕੀ ਬੱਕੀ ਰਹਿ ਗਈ। ਦੋਵਾਂ ਦੀਆਂ ਲਾਸ਼ਾਂ ਪੂਰੀ ਤਰ੍ਹਾਂ ਲਹੂ ਲੁਹਾਣ ਹੋਈਆਂ ਸਨ ਤੇ ਇੱਕ ਦੂਜੇ 'ਤੇ ਡਿੱਗੀਆਂ ਪਈਆਂ ਸਨ। ਦੋਵਾਂ ਦੀਆਂ ਲਾਸ਼ਾਂ ਦੀ ਹਾਲਤ ਖਰਾਬ ਸੀ। ਸੂਚਨਾ ਮਿਲਦੇ ਹੀ ਥਾਣਾ ਸਿਟੀ ਤਰਨ ਤਾਰਨ ਦੇ ਕੱਲ੍ਹ ਹੀ ਨਿਯੁਕਤ ਹੋਏ ਐੱਸ ਐੱਚ ਓ ਅਮਨਦੀਪ ਸਿੰਘ ਅਤੇ ਡਿਊਟੀ ਅਫਸਰ ਵਿਪਨ ਕੁਮਾਰ ਮੌਕੇ 'ਤੇ ਪਹੁੰਚ ਗਏ।











## ਟਾਈਟਲਰ ਉਤੇ ਸਟਿੰਗ ਜਾਰੀ ਕਰਨ ਵਾਲੇ ਮਨਜੀਤ ਜੀ ਕੇ ਉੱਤੇ ਕਾਨੂੰਨੀ ਕੇਸ ਦਰਜ



ਨਵੀਂ ਦਿੱਲੀ, 20 ਫਰਵਰੀ (ਪੋਸਟ ਬਿਊਰੋ)- ਸਾਲ 1984 ਦੇ ਸਿੱਖ ਵਿਰੋਧੀ ਕਤਲੇਆਮ ਦਾ ਇਨਸਾਫ ਦਿਵਾਉਣ ਦੇ ਨਾਮ ਉੱਤੇ ਅਕਾਲੀ ਦਲ ਪਿਛਲੇ 34 ਸਾਲ ਤੋਂ ਰਾਜਨੀਤੀ ਕਰ ਰਿਹਾ ਹੈ। ਇਸ ਵਿੱਚ ਉਸ ਦੀ ਸਹਿਯੋਗੀ ਭਾਰਤੀ ਜਨਤਾ ਪਾਰਟੀ ਨੇ ਹਮੇਸ਼ਾ ਇਨਸਾਫ ਦੇ ਨਾਮ 'ਤੇ ਅਕਾਲੀ ਦਲ ਦੀ ਗੱਲ ਦਾ ਸਮਰਥਨ ਕੀਤਾ ਹੈ। ਇਸ ਦੇ ਬਾਵਜੂਦ ਕਾਂਗਰਸ ਨੇਤਾ ਜਗਦੀਸ਼ ਟਾਈਟਲਰ ਨੂੰ ਇਸ ਕੇਸ ਵਿੱਚ ਲਪੇਟਣ ਵਿੱਚ ਦੋਵੇਂ ਦਲ ਸਫਲ ਨਹੀਂ ਹੋਏ, ਪਰ ਟਾਈਟਲਰ ਨੇ ਉਲਟੇ ਅਕਾਲੀ ਨੇਤਾਵਾਂ ਦੇ ਖਿਲਾਫ ਕੇਸ ਦਰਜ ਕਰਵਾ ਦਿੱਤਾ ਹੈ। ਉਨ੍ਹਾਂ 'ਤੇ ਲੱਗੇ ਦੋਸ਼ਾਂ ਨੂੰ ਫਰਜ਼ੀ ਕਰਾਰ ਦਿੱਤਾ ਹੈ।

ਇਹ ਮਾਮਲਾ ਪੰਜ ਫਰਵਰੀ 2018 ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਵੱਲੋਂ ਕਾਂਸਟੀਚਿਊਸ਼ਨਲ ਕਲੱਬ ਵਿੱਚ ਪ੍ਰੈਸ ਕਾਨਫਰੰਸ ਕਰਕੇ ਟਾਈਟਲਰ ਦੇ ਪੰਜ ਸਟਿੰਗ ਵੀਡੀਓ ਜਾਰੀ ਕਰਨ ਨਾਲ ਜੁੜਿਆ ਹੈ। ਇਸ ਵਿੱਚ ਟਾਈਟਲਰ ਵੱਲੋਂ 100 ਸਿੱਖਾਂ ਨੂੰ ਮਾਰਨ ਸਣੇ ਕਈ ਹੈਰਾਨੀ ਜਨਕ ਖੁਲਾਸੇ ਸ਼ਾਮਲ ਸਨ। ਦੂਸਰੇ ਪਾਸੇ ਟਾਈਟਲਰ ਨੇ ਖੁਲਾਸਾ ਕਰਤਾ ਮਨਜੀਤ ਸਿੰਘ ਜੀ ਕੇ ਦੇ ਖਿਲਾਫ ਪਿਛਲੇ ਦਿਨੀਂ ਕੋਰਟ ਦੇ ਹੁਕਮ ਉੱਤੇ ਥਾਣਾ ਕਾਪਸਹੇੜਾ ਵਿੱਚ ਕੇਸ ਦਰਜ ਕਰਵਾ ਦਿੱਤਾ ਸੀ। ਇਸ ਵਿੱਚ ਟਾਈਟਲਰ ਦਾ ਦੋਸ਼ ਹੈ ਕਿ ਮਨਜੀਤ ਸਿੰਘ ਜੀ ਕੇ ਨੇ ਉਸ ਦੀ ਵੀਡੀਓ ਨੂੰ ਤੋੜ ਮਰੋੜ ਕੇ ਉਸ ਨੂੰ ਦੋਸ਼ੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ।

## ਸੁਪਰੀਮ ਕੋਰਟ ਮੁਤਾਬਕ ਸਿੱਖ ਸਾਈਕਲਿਸਟ ਨੂੰ ਅਯੋਗ ਠਹਿਰਾਏ ਜਾਣਾ ਵਿਤਕਰਾ ਨਹੀਂ



ਨਵੀਂ ਦਿੱਲੀ, 20 ਫਰਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਇਕ ਪਗੜੀਧਾਰੀ ਸਿੱਖ ਸਾਈਕਲਿਸਟ ਵੱਲੋਂ ਹੈਲਮਟ ਪਹਿਨਣ ਤੋਂ ਇਨਕਾਰ ਕਰਕੇ ਅਯੋਗ ਠਹਿਰਾਉਣ ਕਾਰਨ ਉਸ ਨਾਲ ਵਿਤਕਰਾ ਹੋਣ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ ਅਤੇ ਨਾ ਇਹ ਉਸ ਦੇ ਧਾਰਮਿਕ ਹੱਕਾਂ ਵਿੱਚ ਦਖਲ ਹੈ। ਦਿੱਲੀ ਵਾਸੀ ਅਤੇ ਲੰਬੀ ਦੂਰੀ ਦੇ 50 ਸਾਲਾ ਸਾਈਕਲਿਸਟ ਵੱਲੋਂ ਹੈਲਮਟ ਨਾ ਪਹਿਨਣ ਕਾਰਨ ਉਸ ਨੂੰ ਅਯੋਗ ਠਹਿਰਾਉਣ ਦੇ ਕੇਸ ਵਿੱਚ ਸੁਪਰੀਮ ਕੋਰਟ ਨੇ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

ਸੁਪਰੀਮ ਕੋਰਟ ਦੇ ਜਸਟਿਸ ਐਸ ਏ ਬੋਬਡੇ ਅਤੇ ਜਸਟਿਸ ਦੀਪਕ ਗੁਪਤਾ ਦੇ ਬੈਂਚ ਨੇ ਸਾਈਕਲਿਸਟ ਜਗਦੀਪ ਸਿੰਘ ਪੁਰੀ ਵੱਲੋਂ ਪਾਈ ਪਟੀਸ਼ਨ ਉਤੇ ਸਖਤ ਪ੍ਰਤੀਕਿਰਿਆ ਪ੍ਰਗਟ ਕੀਤੀ ਹੈ। ਵਕੀਲ ਆਰ ਐਸ ਪੁਰੀ ਨੇ ਅਦਾਲਤ ਵਿੱਚ ਕਿਹਾ ਸੀ ਕਿ ਜੇ ਫੌਜ ਵਿੱਚ ਸਿੱਖ ਫੌਜੀ ਨੂੰ ਪਗੜੀ ਪਹਿਨਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ ਤਾਂ ਖੇਡ ਮੁਕਾਬਲੇ ਲਈ ਆਗਿਆ ਕਿਉਂ ਨਹੀਂ ਦਿੱਤੀ ਜਾ ਸਕਦੀ। ਬੈਂਚ ਨੇ ਵਕੀਲ ਦੀਆਂ ਦਲੀਲਾਂ ਨਾਲ ਅਸਹਿਮਤੀ ਪ੍ਰਗਟ ਕਰਦੇ ਹੋਏ ਕਿਹਾ ਕਿ ਇਸ ਮਾਮਲੇ ਵਿੱਚ ਫੌਜ ਦੀ ਦਲੀਲ ਨਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਰੇਸ ਲਾਉਣ ਵਾਲਿਆਂ ਦੀ ਤੁਲਨਾ ਫੌਜ ਨਾਲ ਨਾ ਕੀਤੀ ਜਾਵੇ। ਫੌਜ ਵਿੱਚ ਤੁਸੀਂ ਦੇਸ਼ ਲਈ ਫਰਜ਼ ਅਦਾ ਕਰਦੇ ਹੋ। ਤੁਸੀਂ ਫੌਜ ਵਿੱਚ ਜਾ ਕੇ ਇਹ ਨਹੀਂ ਕਹਿ ਸਕਦੇ ਕਿ ਤੁਸੀਂ ਜੰਗ ਲਈ ਨਹੀਂ ਜਾਵੋਗੇ। ਦੂਜੇ ਪਾਸੇ ਤੁਸੀਂ ਸਾਈਕਲ ਖਰੀਦ ਕੇ ਇਹ ਫੈਸਲਾ ਕਰ ਸਕਦੇ ਹੋ ਕਿ ਤੁਸੀਂ ਰੇਸ ਨਹੀਂ ਲਾਉਣੀ। ਬੈਂਚ ਨੇ ਸਾਫ ਕੀਤਾ ਕਿ ਇਹ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਮਾਮਲਾ ਨਹੀਂ ਬਣਦਾ। ਸੁਪਰੀਮ ਕੋਰਟ ਨੇ ਇਸ ਬਾਰੇ ਸਾਈਕਲ ਐਸੋਸੀਏਸ਼ਨ ਨੂੰ ਬਿਨਾ ਹੈਲਮਿਟ ਸਾਈਕਲ ਰੇਸ ਵਿੱਚ ਹਿੱਸਾ ਲੈਣ ਦੀ ਖੁੱਲ੍ਹ ਦੇਣ ਦਾ ਹੁਕਮ ਦੇਣ ਤੋਂ ਇਨਕਾਰ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਇਹ ਮਾਮਲਾ ਸਿਵਲ ਕੋਰਟ ਦੇ ਅਧੀਨ ਸੁਣਵਾਈ ਲਈ ਆਉਂਦਾ ਹੈ। ਪਿਛਲੇ ਜੁਲਾਈ ਵਿੱਚ ਸੁਪਰੀਮ ਕੋਰਟ ਪੁਰੀ ਦੀ ਅਰਜ਼ੀ ਉਤੇ ਵਿਚਾਰ ਲਈ ਸਹਿਮਤ ਹੋ ਗਿਆ ਸੀ। ਪੁਰੀ ਨੂੰ ਆਜ਼ਾਦ ਹਿੰਦ ਬਰੇਵਟ ਸੰਸਥਾ ਨੇ 14 ਅਗਸਤ 2015 ਨੂੰ ਹੈਲਮਟ ਨਾ ਅਯੋਗ ਠਹਿਰਾਅ ਦਿੱਤਾ ਸੀ।

## ਕੇਂਦਰ ਸਰਕਾਰ ਵੱਲੋਂ ਤਿੰਨ ਤਲਾਕ 'ਤੇ ਆਰਡੀਨੈਂਸ ਨੂੰ ਨਵੇਂ ਸਿਰੇ ਤੋਂ ਮਨਜ਼ੂਰੀ




ਨਵੀਂ ਦਿੱਲੀ, 20 ਫਰਵਰੀ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰੀ ਮੰਤਰੀ ਮੰਡਲ ਦੀ ਬੈਠਕ 'ਚ ਕਈ ਅਹਿਮ ਫੈਸਲੇ ਲਏ ਗਏ ਹਨ। ਬੈਠਕ ਮਗਰੋਂ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਕੇਂਦਰੀ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਸਰਕਾਰ ਨੇ ਤਿੰਨ ਤਲਾਕ ਆਰਡੀਨੈਂਸ ਨੂੰ ਫਿਰ ਮਨਜ਼ੂਰੀ ਦੇ ਦਿੱਤੀ ਹੈ।

ਵਰਨਣ ਯੋਗ ਹੈ ਕਿ ਇਹ ਦੂਸਰਾ ਮੌਕਾ ਹੈ ਜਦੋਂ ਤਿੰਨ ਤਲਾਕ ਉੱਤੇ ਆਰਡੀਨੈਂਸ ਲਿਆਂਦਾ ਗਿਆ ਹੈ। ਇਸ ਤੋਂ ਇਲਾਵਾ ਕੇਂਦਰ ਸਰਕਾਰ ਨੇ ਕੇਂਦਰੀ ਕਰਮਚਾਰੀਆਂ ਦਾ ਮਹਿਂਗਾਈ ਭੱਤਾ ਤਿੰਨ ਫੀਸਦੀ ਵਧਾਉਣ ਦਾ ਫੈਸਲਾ ਕੀਤਾ ਅਤੇ ਇਹ 9 ਫੀਸਦੀ ਤੋਂ ਵਧ ਕੇ 12 ਫੀਸਦੀ ਹੋ ਜਾਵੇਗਾ। ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਇਸ ਦਾ ਲਾਭ ਇਕ ਜਨਵਰੀ 2019 ਤੋਂ ਮਿਲੇਗਾ। ਕੱਲ੍ਹ ਸ਼ਾਮ ਹੋਈ ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ 'ਚ ਇਹ ਅਹਿਮ ਫੈਸਲੇ ਲਏ ਗਏ ਹਨ।

ਮੰਤਰੀ ਮੰਡਲ ਦੀ ਹੋਈ ਮੀਟਿੰਗ ਤੋਂ ਬਾਅਦ ਕੇਂਦਰੀ ਮੰਤਰੀ ਅਰੁਣ ਜੇਤਲੀ ਨੇ ਪੱਤਰਕਾਰਾਂ ਨੂੰ ਦੱਸਿਆ ਹੈ ਕਿ ਸਰਕਾਰ ਵੱਲੋਂ ਤਿੰਨ ਤਲਾਕ, ਇੰਡੀਅਨ ਮੈਡੀਕਲ ਕੌਂਸਲ, ਕੰਪਨੀ ਕਾਨੂੰਨ ਸੋਧ ਬਿੱਲ ਅਤੇ ਬੇਨਿੰਗ ਆਫ ਅਨਰੈਗੂਲੇਟਿਡ ਡਿਪਾਜਿਟ ਸਕੀਮ ਬਿੱਲ ਨਾਲ ਜੁੜੇ ਆਰਡੀਨੈਂਸ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸ ਦੇ ਨਾਲ ਅਹਿਮਦਾਬਾਦ ਮੈਟਰੋ ਫੇਜ਼ ਦੋ ਅਤੇ ਰੈਪਿਡ ਰੇਲ ਸੇਵਾ ਨੂੰ ਵੀ ਸਰਕਾਰ ਨੇ ਮਨਜ਼ੂਰੀ ਦਿੱਤੀ ਹੈ। ਇਸ ਤੋਂ ਇਲਾਵਾ ਊਰਜਾ ਸੁਰੱਖਿਆ ਯੋਜਨਾ ਤਹਿਤ ਕਿਸਾਨਾਂ ਦੀ ਬੰਜਰ ਜ਼ਮੀਨ ਦੀ ਵਰਤੋਂ ਸੋਲਰ ਪਾਵਰ ਲਈ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਅਤੇ ਦਿੱਲੀ-ਮੇਰਠ ਵਿਚਕਾਰ 82.15 ਕਿਲੋਮੀਟਰ ਤੱਕ ਰਿਜਨਲ ਰੈਪਿਡ ਟਰਾਂਜ਼ਿਟ ਸਿਸਟਮ ਬਣਾਉਣ ਨੂੰ ਵੀ ਮਨਜ਼ੂਰੀ ਦਿੱਤੀ ਹੈ।

ਭਾਰਤ ਸਰਕਾਰ ਨੇ ਤਿੰਨ ਤਲਾਕ ਨੂੰ ਅਪਰਾਧ ਕਰਾਰ ਦੇਣ ਲਈ ਨਵਾਂ ਆਰਡੀਨੈਂਸ ਜਾਰੀ ਕਰਨ ਦਾ ਫੈਸਲਾ ਕਰ ਲਿਆ ਹੈ। ਇਸ ਤੋਂ ਪਹਿਲਾਂ ਪਿਛਲੇ ਸਾਲ ਸਤੰਬਰ ਵਿੱਚ ਆਰਡੀਨੈਂਸ ਜਾਰੀ ਕੀਤਾ ਸੀ। ਇਸ ਦੀ ਮਿਆਦ ਛੇ ਮਹੀਨੇ ਹੁੰਦੀ ਹੈ। ਜੇ ਇਸ ਦੌਰਾਨ ਪਾਰਲੀਮੈਂਟ ਦਾ ਇਜਲਾਸ ਆ ਜਾਵੇ ਤਾਂ ਇਜਲਾਸ ਸ਼ੁਰੂ ਹੋਣ ਤੋਂ 42 ਦਿਨਾਂ ਵਿੱਚ ਆਰਡੀਨੈਂਸ ਨੂੰ ਬਿੱਲ ਦੇ ਰੂਪ 'ਚ ਬਦਲਣਾ ਹੁੰਦਾ ਹੈ। ਇਸ ਵਾਰ ਬਿੱਲ ਰਾਜ ਸਭਾ 'ਚ ਲਟਕ ਜਾਣ ਨਾਲ ਸਰਕਾਰ ਨੂੰ ਮੁੜ ਆਰਡੀਨੈਂਸ ਲਿਆਉਣ ਦਾ ਫੈਸਲਾ ਕਰਨਾ ਪਿਆ।

## ਮੇਘਾਲਿਆ ਦੇ ਗਵਰਨਰ ਤਥਾਗਤ ਰਾਏ ਵੱਲੋਂ ਕਸ਼ਮੀਰੀ ਲੋਕਾਂ ਦੇ ਬਾਈਕਾਟ ਦਾ ਸੱਦਾ

ਸ਼ਿਲੌਂਗ/ਬੀਕਾਨੇਰ, 20 ਫਰਵਰੀ (ਪੋਸਟ ਬਿਊਰੋ)- ਅਮਰਨਾਥ ਯਾਤਰਾ ਸਮੇਤ 'ਹਰ ਕਸ਼ਮੀਰੀ' ਵਸਤੂ ਦੇ ਬਾਈਕਾਟ ਦੇ ਸੱਦੇ ਨੂੰ ਮੇਘਾਲਿਆ ਦੇ ਗਵਰਨਰ ਤਥਾਗਤ ਰਾਏ ਨੇ ਹਮਾਇਤ ਦਿੱਤੀ ਹੈ। ਇਸ ਦੌਰਾਨ ਬੀਕਾਨੇਰ ਪ੍ਰਸ਼ਾਸਨ ਨੇ ਉਥੇ ਰਹਿ ਰਹੇ ਪਾਕਿਸਤਾਨੀ ਨਾਗਰਿਕਾਂ ਨੂੰ 48 ਘੰਟਿਆਂ ਦੇ ਅੰਦਰ ਜ਼ਿਲਾ ਛੱਡਣ ਲਈ ਕਿਹਾ ਹੈ।

ਮੇਘਾਲਿਆ ਦੇ ਗਵਰਨਰ ਨੇ ਟਵਿੱਟਰ 'ਤੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ, 'ਭਾਰਤੀ ਸੈਨਾ ਦੇ ਸੇਵਾਮੁਕਤ ਕਰਨਲ ਦੀ ਅਪੀਲ ਹੈ ਕਿ ਅਗਲੇ ਦੋ ਸਾਲਾਂ ਤੱਕ ਕਸ਼ਮੀਰ ਅਤੇ ਅਮਰਨਾਥ ਨਾ ਜਾਓ, ਇਸ ਨਾਲ ਮੈਂ ਸਹਿਮਤ ਹਾਂ। ਕਸ਼ਮੀਰੀ ਦੁਕਾਨ ਜਾਂ ਵਪਾਰੀ ਤੋਂ ਕੋਈ ਸਾਮਾਨ ਨਾ ਖਰੀਦਿਆ ਜਾਵੇ। ਹਰ ਕਸ਼ਮੀਰੀ ਵਸਤੂ ਦਾ ਬਾਈਕਾਟ ਕੀਤਾ ਜਾਵੇ।' ਭਾਜਪਾ ਆਗੂ ਤੋਂ ਗਵਰਨਰ ਬਣੇ ਤਥਾਗਤ ਰਾਏ ਨੇ ਪਾਕਿਸਤਾਨੀ ਫੌਜ ਅਤੇ ਉਸ ਵੱਲੋਂ ਪੂਰਬੀ ਪਾਕਿਸਤਾਨ 'ਚ ਨਿਭਾਈ ਭੂਮਿਕਾ ਦਾ ਹਵਾਲਾ ਵੀ ਦਿੱਤਾ ਹੈ।

## ਵਟਸਐਪ ਉਤੇ ਤਿੰਨ ਤਲਾਕ ਕਹੇ ਤੋਂ ਪਤਨੀ ਨੇ ਕਿਹਾ: 'ਕਾਨੂੰਨੀ ਜੰਗ ਲੜਾਂਗੀ'

ਇੰਦੌਰ, 20 ਫਰਵਰੀ (ਪੋਸਟ ਬਿਊਰੋ)- ਇਸ ਸ਼ਹਿਰ ਦੀ 21 ਸਾਲਾ ਔਰਤ ਨੇ ਇਨਸਾਫ਼ ਲਈ ਪੁਲਸ ਨੂੰ ਸ਼ਿਕਾਇਤ ਦੇ ਕੇ ਦੋਸ਼ ਲਾਇਆ ਹੈ ਕਿ ਦਾਜ ਵਿੱਚ ਆਟੋ ਰਿਕਸ਼ਾ ਨਾ ਮਿਲਣ ਉੱਤੇ ਉਸ ਦੇ ਪਤੀ ਨੇ ਉਸ ਨੂੰ ਵਟਸਐਪ ਉੱਤੇ ਤਿੰਨ ਤਲਾਕ ਦੇ ਕੇ ਮਾਸੂਮ ਬੇਟੇ ਸਮੇਤ ਘਰੋਂ ਕੱਢ ਦਿੱਤਾ ਹੈ।

ਸਿਰਪੁਰ ਕਾਂਕੜ ਦੀ ਰਹਿਣ ਵਾਲੀ ਆਫਰੀਨ ਬੀ (21) ਨੇ ਏਥੇ ਦੱਸਿਆ, 'ਦਾਜ ਵਿੱਚ ਆਟੋ ਰਿਕਸ਼ਾ ਨਾ ਮਿਲਣ ਕਾਰਨ ਮੇਰੇ ਪਤੀ ਸ਼ਾਹਰੁਖ ਅੰਸਾਰੀ ਨੇ ਮੈਨੂੰ ਕੁਝ ਦਿਨ ਪਹਿਲਾਂ ਵਟਸਐਪ ਉੱਤੇ ਆਡੀਓ ਮੈਸੇਜ ਭੇਜ ਕੇ ਕਿਹਾ ਕਿ ਉਸ ਨੇ ਮੈਨੂੰ ਤਲਾਕ ਦੇ ਦਿੱਤਾ ਹੈ। ਉਸ ਨੇ ਮੈਨੂੰ ਇਹ ਵੀ ਦੱਸਿਆ ਕਿ ਉਹ ਦੂਜਾ ਨਿਕਾਹ ਕਰ ਰਿਹਾ ਹੈ।' 7ਵੀਂ ਜਮਾਤ ਤੱਕ ਪੜ੍ਹੀ ਔਰਤ ਨੇ ਕਿਹਾ, 'ਮੇਰੇ ਪੇਕੇ ਵਾਲੇ ਪਹਿਲਾਂ ਵੀ ਮੇਰੀ ਨਕਦ ਪੈਸੇ ਨਾਲ ਮਦਦ ਕਰਦੇ ਸਨ, ਪਰ ਇਸ ਵਾਰ ਮੇਰੇ ਸਹੁਰੇ ਪਰਿਵਾਰ ਵਾਲੇ ਕਹਿੰਦੇ ਹਨ ਕਿ ਜਾਂ ਮੇਰੇ ਪਤੀ ਨੂੰ ਆਟੋ ਰਿਕਸ਼ਾ ਦਿਵਾਇਆ ਜਾਵੇ ਜਾਂ ਉਸ ਨੂੰ ਘਰ ਜਵਾਈ ਬਣਾ ਲਿਆ ਜਾਵੇ।' ਇਸ ਮੌਕੇ ਆਫਰੀਨ ਨੇ ਦੱਸਿਆ ਕਿ ਉਸ ਦਾ ਅੰਸਾਰੀ ਨਾਲ ਤਿੰਨ ਸਾਲ ਪਹਿਲਾਂ ਵਿਆਹ ਹੋਇਆ ਸੀ ਤੇ ਉਨ੍ਹਾਂ ਦਾ ਢਾਈ ਸਾਲ ਦਾ ਬੇਟਾ ਹੈ। ਕਾਨੂੰਨੀ ਤੌਰ ਉੱਤੇ ਵਟਸਐਪ ਉੱਤੇ ਤਿੰਨ ਤਲਾਕ ਨਹੀਂ ਦਿੱਤਾ ਜਾ ਸਕਦਾ। ਮੈਂ ਇਸ ਨਾਇਨਸਾਫ਼ੀ ਦੇ ਖਿਲਾਫ ਕਾਨੂੰਨੀ ਲੜਾਈ ਲੜਾਂਗੀ।'

ਸੀਨੀਅਰ ਪੁਲਸ ਕਮਿਸ਼ਨਰ ਰੁਚੀਵਰਧਨ ਮਿਸ਼ਰਾ ਨੇ ਪੁਸ਼ਟੀ ਕੀਤੀ ਹੈ ਕਿ ਪੁਲਸ ਨੂੰ ਜਨਤਕ ਸੁਣਵਾਈ ਦੌਰਾਨ ਆਫਰੀਨ ਦੀ ਸ਼ਿਕਾਇਤ ਮਿਲੀ ਹੈ। ਉਨ੍ਹਾਂ ਕਿਹਾ, 'ਅਸੀਂ ਆਫਰੀਨ ਦੇ ਪੇਕੇ ਅਤੇ ਉਸ ਦੇ ਸਹੁਰੇ ਪੱਖ ਨੂੰ ਨਾਲ ਬਿਠਾ ਕੇ ਉਨ੍ਹਾਂ ਦੀ ਸੁਲਾਹ ਦੀ ਕੋਸ਼ਿਸ਼ ਕਰ ਰਹੇ ਹਾਂ ਤਾਂ ਕਿ ਔਰਤ ਦਾ ਵਿਵਾਹਿਕ ਰਿਸ਼ਤਾ ਬਚ ਸਕੇ, ਪਰ ਜੇ ਇਸ ਤੋਂ ਬਾਅਦ ਵੀ ਆਫਰੀਨ ਦੇ ਸਹੁਰੇ ਪਰਿਵਾਰ ਵਾਲੇ ਨਾ ਮੰਨੇ ਤਾਂ ਕੇਸ ਦੀ ਜਾਂਚ ਦੇ ਆਧਾਰ ਉੱਤੇ ਯੋਗ ਕਾਨੂੰਨੀ ਕਦਮ ਚੁੱਕੇ ਜਾਣਗੇ।'

ਦੂਜੇ ਪਾਸੇ ਆਫਰੀਨ ਦੇ ਦਾਦਾ ਇਰਸ਼ਾਦ ਹਸਨ ਨੇ ਕਿਹਾ, 'ਅਸੀਂ ਥਾਣਿਆਂ ਦੇ ਚੱਕਰ ਕੱਟ ਕੇ ਪਰੇਸ਼ਾਨ ਹੋ ਗਏ ਹਾਂ ਤੇ ਇਨਸਾਫ਼ ਚਾਹੁੰਦੇ ਹਾਂ। ਬਿਨਾਂ ਜਾਇਜ਼ ਕਾਰਨ ਇਸ ਤਰ੍ਹਾਂ ਵਟਸਐਪ ਉੱਤੇ ਤਿੰਨ ਤਲਾਕ ਦੇ ਕੇ ਪਤਨੀ ਨੂੰ ਛੱਡਣਾ ਸ਼ਰੀਅਤ ਦੇ ਖਿਲਾਫ ਹੈ।' ਆਫਰੀਨ ਦੇ ਪਿਤਾ ਜ਼ਹੀਰ ਹਸਨ ਨੇ ਕਿਹਾ, 'ਅਸੀਂ ਵਟਸਐਪ ਉੱਤੇ ਦਿੱਤੇ ਤਿੰਨ ਤਲਾਕ ਨੂੰ ਕਬੂਲ ਨਹੀਂ ਕਰਾਂਗੇ। ਇਹ ਗਲਤ ਹੈ। ਜੇ ਇਸ ਤਰ੍ਹਾਂ ਮੇਰੀ ਬੇਟੀ ਅਤੇ ਮੇਰੇ ਦੋਹਤੇ ਨੂੰ ਬੇਸਹਾਰਾ ਛੱਡ ਦਿੱਤਾ ਜਾਵੇਗਾ ਤਾਂ ਉਨ੍ਹਾਂ ਦਾ ਕੀ ਭਵਿੱਖ ਹੋਵੇਗਾ?'

## ਬਰਾਤ ਵਿੱਚ ਟਰੱਕ ਵੱਜਣ ਨਾਲ ਨੌਂ ਜਣਿਆਂ ਦੀ ਮੌਤ, 19 ਜ਼ਖਮੀ



ਘਟਨਾਸਥਾਨ ਉਤੇ ਜਾਂਚ ਕਰਦੀ ਪੁਲਸ।

ਜੈਪੁਰ, 20 ਫਰਵਰੀ (ਪੋਸਟ ਬਿਊਰੋ)- ਰਾਜਸਥਾਨ ਦੇ ਪ੍ਰਤਾਪਗੜ੍ਹ ਜ਼ਿਲ੍ਹੇ ਦੇ ਛੋਟੀ ਸਾਦੜੀ ਥਾਣੇ ਹੇਠ ਕੱਲ੍ਹ ਰਾਤ ਤੇਜ਼ ਰਫਤਾਰ ਟਰੱਕ ਸੜਕ ਦੇ ਕਿਨਾਰੇ ਜਾਂਚ ਇੱਕ ਬਰਾਤ ਵਿੱਚ ਵੜ ਗਿਆ ਜਿਸ ਕਾਰਨ ਚਾਰ ਬੱਚਿਆਂ ਸਣੇ ਨੌਂ ਦੀ ਮੌਤ ਹੋ ਗਈ ਅਤੇ 10 ਹੋਰ ਜ਼ਖਮੀ ਹੋ ਗਏ। ਪ੍ਰਤਾਪਗੜ੍ਹ ਦੇ ਪੁਲਸ ਸੁਪਰਡੈਂਟ ਅਨਿਲ ਬੈਨੀਵਾਲ ਨੇ ਦੱਸਿਆ ਕਿ ਹਾਦਸਾ ਨੈਸ਼ਨਲ ਹਾਈਵੇ ਉੱਤੇ ਰਾਮਦੇਵ ਮੰਦਰ ਨੇੜੇ ਕੱਲ੍ਹ ਰਾਤ ਨੂੰ ਹੋਇਆ। ਬਾਂਸਵਾੜਾ ਤੋਂ ਨਿਮਬਾਹੇੜਾ ਜਾ ਰਿਹਾ ਟਰੱਕ ਸੜਕ ਦੇ ਕੰਢੇ ਚੱਲ ਰਹੀ ਇੱਕ ਬਰਾਤ ਵਿੱਚ ਜਾ ਵੜਿਆ, ਜਿਸ ਨਾਲ ਨੌਂ ਵਿਅਕਤੀਆਂ ਦੀ ਮੌਕੇ 'ਤੇ ਮੌਤ ਹੋ ਗਈ ਅਤੇ 19 ਹੋਰ ਜ਼ਖਮੀ ਹੋ ਗਏ। ਦੋ ਗੰਭੀਰ ਜ਼ਖਮੀਆਂ ਨੂੰ ਉਦੈਪੁਰ ਰੈਫਰ ਕਰ ਦਿੱਤਾ ਗਿਆ।

## ਸਾਬਕਾ ਫੌਜੀ ਨੂੰ 64 ਸਾਲ ਪਿੱਛੋਂ ਅਯੋਗਤਾ ਪੈਨਸ਼ਨ ਦੇ ਹੁਕਮ



ਚੰਡੀਗੜ੍ਹ, 20 ਫਰਵਰੀ (ਪੋਸਟ ਬਿਊਰੋ)- ਇਕ ਸਾਬਕਾ ਫੌਜੀ ਨੂੰ 64 ਸਾਲਾਂ ਬਾਅਦ ਅਯੋਗਤਾ ਪੈਨਸ਼ਨ ਦੇਣ ਦਾ ਹੁਕਮ ਹੋਇਆ ਹੈ। ਇਸ ਲਈ ਉਸ ਨੂੰ ਪੰਜ ਸਾਲ ਦੀ ਕਾਨੂੰਨੀ ਲੜਾਈ ਲੜਨੀ ਪਈ, ਪਰ ਫੌਜ ਨੇ ਉਕਾ ਮਨ੍ਹਾਂ ਕਰ ਛੱਡਿਆ ਸੀ। ਬਾਅਦ ਵਿੱਚ ਆਰਮਡ ਫੋਰਸ ਟ੍ਰਿਬਿਊਨਲ (ਏ ਐਫ ਟੀ) ਦੇ ਮੈਂਬਰ ਜਸਟਿਸ ਮੁਹੰਮਦ ਤਾਹਿਰ ਅਤੇ ਵਾਈਸ ਐਡਮਾਈਰਲ ਏ ਜੀ ਥਾਪਲੀਆਲ ਦੇ ਕੋਰਮ ਨੇ 75 ਸਾਲ ਦੇ ਇਸ ਸਾਬਕਾ ਫੌਜੀ ਨੂੰ ਨਾ ਸਿਰਫ ਅਯੋਗਤਾ ਪੈਨਸ਼ਨ ਦੇਣ, ਸਗੋਂ ਪੈਨਸ਼ਨ 'ਤੇ ਪਿਛਲੇ ਅੱਠ ਸਾਲ ਦੇ ਬਕਾਏ ਵੀ ਦੇਣ ਲਈ ਕਿਹਾ ਹੈ।

ਚਰਖੀ ਦਾਦਰੀ (ਹਰਿਆਣਾ) ਦੇ ਧਰਮਪਾਲ ਸਿੰਘ ਨੇ ਐਡਵੋਕੇਟ ਧਰਮਪਾਲ ਗਿੱਲ ਰਾਹੀਂ ਇੱਕ ਅਰਜ਼ੀ ਰਾਹੀਂ ਏ ਐਫ ਟੀ ਬੈਂਚ ਦਾ ਧਿਆਨ ਦਿਵਾਇਆ ਸੀ ਕਿ ਉਹ 24 ਅਕਤੂਬਰ 1961 ਨੂੰ ਫੌਜ 'ਚ ਸਿਪਾਹੀ ਭਰਤੀ ਹੋਇਆ ਸੀ ਤੇ ਉਸ ਵੇਲੇ ਉਹ ਪੂਰੀ ਤਰ੍ਹਾਂ ਸਿਹਤਮੰਦ ਸੀ। ਇਸ ਦੌਰਾਨ ਉਹ ਬਿਮਾਰ ਹੋ ਗਿਆ ਤੇ ਇਨਵੈਲਿਡਿੰਗ ਮੈਡੀਕਲ ਬੋਰਡ ਨੇ ਕਿਹਾ ਕਿ ਉਸ ਦੀ ਬਿਮਾਰੀ ਠੀਕ ਨਹੀਂ ਹੋ ਸਕਦੀ ਤੇ ਉਹ ਫੌਜ ਦੀ ਨੌਕਰੀ ਕਰਨ ਯੋਗ ਨਹੀਂ ਹੈ। ਅਰਜ਼ੀ 'ਚ ਕਿਹਾ ਸੀ ਕਿ ਦੋ ਸਾਲ 316 ਦਿਨ ਸੇਵਾ ਹੋਣ 'ਤੇ ਉਸ ਨੂੰ ਡਾਕਟਰੀ ਪੱਖੋਂ ਨੌਕਰੀ ਦੇ ਅਯੋਗ ਕਰਾਰ ਦੇ ਦਿੱਤਾ ਗਿਆ, ਪਰ ਬਣਦੀ 50 ਫੀਸਦੀ ਪੈਨਸ਼ਨ ਨਹੀਂ ਲਾਈ ਗਈ। ਏ ਐਫ ਟੀ ਬੈਂਚ ਨੇ ਧਰਮਵੀਰ ਸਿੰਘ ਦੀਆਂ ਦਲੀਲਾਂ ਨਾਲ ਉਸ ਦੀ ਅਰਜ਼ੀ ਮਨਜ਼ੂਰ ਕਰ ਕੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਧਰਮਪਾਲ ਸਿੰਘ ਨੂੰ 50 ਫੀਸਦੀ ਪੈਨਸ਼ਨ ਦਿੱਤੀ ਜਾਵੇ। ਇਸ ਸਾਬਕਾ ਫੌਜੀ ਨੂੰ ਨੌਕਰੀ ਤੋਂ ਬਾਹਰ ਹੋਇਆਂ 64 ਸਾਲ ਹੋ ਚੁੱਕੇ ਹਨ, ਪਰ ਬੈਂਚ ਨੇ ਸੁਪਰੀਮ ਕੋਰਟ ਦੀ ਇਕ ਜੱਜਮੈਂਟ ਦੇ ਹਵਾਲੇ ਨਾਲ ਕਿਹਾ ਕਿ ਉਹ ਅਰਜ਼ੀ ਦਾਖਲ ਕਰਨ ਤੋਂ ਤਿੰਨ ਸਾਲ ਪਹਿਲਾਂ ਤੱਕ ਦੀ ਪੈਨਸ਼ਨ ਦਾ ਹੱਕਦਾਰ ਹੋਵੇਗਾ, ਇਸ ਲਈ ਉਸ ਨੂੰ ਸਾਲ 2012 ਤੋਂ ਬਕਾਇਆ ਵੀ ਦਿੱਤਾ ਜਾਵੇ।

## ਕਰਨਾਟਕ ਵਿੱਚ ਭਾਜਪਾ ਵਿਧਾਇਕ ਦੀ ਕਾਰ ਨੇ ਦੋ ਜਣੇ ਕੁਚਲੇ

ਬੈਂਗਲੂਰ, 20 ਫਰਵਰੀ (ਪੋਸਟ ਬਿਊਰੋ)- ਕਰਨਾਟਕ ਦੇ ਤੁਮਕੁਰੂ ਜ਼ਿਲੇ ਵਿੱਚ ਕੁਨੀਗਲ ਦੇ ਕੋਲ ਕੱਲ੍ਹ ਇਕ ਕਾਰ ਨੇ ਦੋ ਜਣਿਆਂ ਨੂੰ ਕੁਚਲ ਦਿੱਤਾ। ਘਟਨਾ ਵਿੱਚ ਤਿੰਨ ਹੋਰ ਜ਼ਖਮੀ ਹੋਏ। ਕਾਰ ਵਿੱਚ ਭਾਜਪਾ ਦੇ ਸੀਨੀਅਰ ਨੇਤਾ ਅਤੇ ਵਿਧਾਇਕ ਸੀ ਟੀ ਰਵੀ ਸਵਾਰ ਸਨ। ਪੁਲਸ ਨੇ ਇਸ ਦੀ ਜਾਣਕਾਰੀ ਦਿੱਤੀ ਹੈ।

ਇਸ ਬਾਰੇ ਦਰਜ ਸ਼ਿਕਾਇਤ ਦੇ ਮੁਤਾਬਕ ਦੋ ਵਾਹਨਾਂ 'ਤੇ ਉਥੇ ਆਏ ਪੀੜਤ ਜਦੋਂ ਸੜਕ ਦੇ ਕਿਨਾਰੇ ਖੜੇ ਸਨ ਤਾਂ ਇਹ ਦੁਰਘਟਨਾ ਹੋਈ। ਭਾਜਪਾ ਵਿਧਾਇਕ ਸੀ ਟੀ ਰਵੀ ਨੇ ਕਿਹਾ ਕਿ ਉਹ ਆਪਣੇ ਬਾਡੀ ਗਾਰਡ ਨਾਲ ਚਿਕਮੰਗਲੁਰੂ ਤੋਂ ਚੇਨਈ ਜਾ ਰਹੇ ਸਨ ਅਤੇ ਉਸ ਵੇਲੇ ਕਾਰ ਵਿੱਚ ਸੌਂ ਰਹੇ ਸੀ। ਉਨ੍ਹਾਂ ਕਿਹਾ ਕਿ ਜਦ ਏਅਰ ਬੈਗ ਖੁੱਲ੍ਹਿਆ ਤਾਂ ਮੈਨੂੰ ਪਤਾ ਲੱਗਾ ਕਿ ਕੁਝ ਹੋਇਆ ਹੈ ਅਤੇ ਮੈਂ ਬਾਹਰ ਨਿਕਲਿਆ। ਤਦ ਤੱਕ ਮੈਨੂੰ ਪਤਾ ਹੀ ਨਹੀਂ ਲੱਗਾ। ਪ੍ਰਦੇਸ਼ ਭਾਜਪਾ ਨੇ ਕਿਹਾ ਹੈ ਕਿ ਵਿਧਾਇਕ ਨੂੰ ਵੀ ਮਾਮੂਲੀ ਸੱਟ ਲੱਗ ਹੈ। ਰਵੀ ਨੇ ਕਿਹਾ ਕਿ ਜਦ ਉਨ੍ਹਾਂ ਨੂੰ ਦੱਸਿਆ ਗਿਆ ਕਿ ਦੋ ਜਣਿਆਂ ਦੀ ਮੌਤ ਹੋਈ ਹੈ ਤਾਂ ਉਨ੍ਹਾਂ ਨੇ ਐਂਬੂਲੈਂਸ ਨੂੰ ਫੋਨ ਕੀਤਾ ਅਤੇ ਪੀੜਤਾਂ ਨੂੰ ਬੈਂਗਲੂਰ ਦੇ ਇਕ ਹਸਪਤਾਲ ਲੈ ਗਏ।

## ਭਾਰਤ-ਪਾਕਿ ਤਨਾਅ ਕਾਰਨ ਪਾਕਿਸਤਾਨ ਦੇ ਸੀਮੈਂਟ ਐਕਸਪੋਰਟ ਨੂੰ ਝਟਕਾ

ਨਵੀਂ ਦਿੱਲੀ, 20 ਫਰਵਰੀ (ਪੋਸਟ ਬਿਊਰੋ)- ਪੁਲਵਾਮਾ ਵਿੱਚ ਹੋਏ ਅੱਤਵਾਦੀ ਹਮਲੇ ਦੇ ਨਾਲ ਪਾਕਿਸਤਾਨ ਤੋਂ ਭਾਰਤ ਨੂੰ ਇੰਪੋਰਟ ਕੀਤੇ ਜਾਣ ਵਾਲੇ ਸਾਮਾਨ 'ਤੇ ਭਾਰਤ ਦੇ 200 ਫੀਸਦੀ ਦੀ ਕਸਟਮ ਡਿਊਟੀ ਲਾਏ ਜਾਣ ਨਾਲ ਇੰਡੀਅਨ ਇੰਪੋਰਟਰਸ ਨੇ ਪਾਕਿਸਤਾਨੀ ਐਕਸਪੋਰਟਰਸ ਨੂੰ ਆਪਣੇ ਸੀਮੈਂਟ ਦੇ ਕੰਟੇਨਰ ਵਾਪਸ ਲੈਣ ਲਈ ਕਿਹਾ ਹੈ। ਵਰਨਣ ਯੋਗ ਹੈ ਕਿ ਪੁਲਵਾਮਾ ਵਿੱਚ 14 ਫਰਵਰੀ ਨੂੰ ਹੋਏ ਹਮਲੇ ਵਿੱਚ ਕੇਂਦਰੀ ਰਿਜ਼ਰਵ ਪੁਲਸ ਫੋਰਸ (ਸੀ ਆਰ ਪੀ ਐੱਫ) ਦੇ ਚਾਲੀ ਤੋਂ ਵੱਧ ਜਵਾਨ ਮਾਰੇ ਗਏ ਸਨ। ਇਸ ਪਿੱਛੋਂ ਭਾਰਤ ਨੇ ਪਾਕਿ-ਸਤਾਨ ਦਾ ਮੋਸਟ ਫੇਵਰਡ ਨੇਸ਼ਨ (ਐੱਮ ਐੱਫ ਐੱਨ) ਦਾ ਦਰਜਾ ਵਾਪਸ ਲੈਣ ਦੇ ਨਾਲ ਇੰਪੋਰਟ ਹੋਣ ਵਾਲੇ ਸਾਮਾਨ 'ਤੇ 200 ਫੀਸਦੀ ਇੰਪੋਰਟ ਡਿਊਟੀ ਲਾ ਦਿੱਤੀ ਸੀ। ਇੱਕ ਪਾਕਿਸਤਾਨੀ ਸੀਮੈਂਟ ਐਕਸਪੋਰਟਰ ਨੇ ਨਾਂਅ ਨਾ ਦੱਸਣ ਦੀ ਸ਼ਰਤ 'ਤੇ ਦੱਸਿਆ, ਸੀਮੈਂਟ ਉਦਯੋਗ ਨੂੰ ਭਾਰਤ ਦੇ ਖਰੀਦਦਾਰਾਂ ਵੱਲੋਂ ਇਹ ਮੈਸੇਜ ਮਿਲਣ ਲੱਗੇ ਹਨ ਕਿ ਉਹ ਆਪਣੇ ਕੰਟੇਨਰ ਵਾਪਸ ਮੰਗਵਾ ਲੈਣ। ਐਕਸਪੋਰਟਰਸ ਨੇ ਦੱਸਿਆ ਕਿ 600 ਤੋਂ 800 ਤੱਕ ਸੀਮੈਂਟ ਨਾਲ ਲੱਦੇ ਕੰਟੇਨਰ ਕਰਾਚੀ ਬੰਦਰਗਾਹ, ਖੁੱਲ੍ਹੇ ਸਮੁੰਦਰ ਤੇ ਕੋਲੰਬੋ ਤੇ ਦੁਬਈ ਵਿੱਚ ਖੜ੍ਹੇ ਹਨ। ਉਨ੍ਹਾਂ ਦੱਸਿਆ ਕਿ ਕੇਰਲ ਵਿੱਚ ਪਿਛਲੇ ਸਾਲ ਆਏ ਭਿਆਨਕ ਹੜ੍ਹ ਪਿੱਛੋਂ ਭਾਰਤ ਸਰਕਾਰ ਦੇ 50 ਅਰਬ ਰੁਪਏ ਦੇ ਪੁਨਰਵਾਸ ਫੰਡ ਦੇ ਫੈਸਲੇ ਨਾਲ ਇੰਪੋਰਟ ਵਧਣ ਦੇ ਆਸਾਰ ਸਨ, ਪਰ ਇਸ ਦੇ ਨਤੀਜੇ ਵਜੋਂ ਵਾਧੂ ਮੰਗ ਨਿਕਲਣ 'ਤੇ ਸੀਮੈਂਟ ਦੀ ਕੀਮਤ ਅਤੇ ਮੰਗ ਦੋਵਾਂ ਵਿੱਚ ਵਾਧਾ ਹੁੰਦਾ। ਭਾਰਤ ਹਰ ਸਾਲ ਪਾਕਿਸਤਾਨ ਤੋਂ 14.5 ਲੱਖ ਡਾਲਰ (1036 ਕਰੋੜ ਰੁਪਏ) ਵਿੱਚ 2.1 ਲੱਖ ਟਨ ਛੁਹਾਰੇ ਖਰੀਦਦਾ ਹੈ। ਅੱਗੇ ਤੋਂ ਭਾਰਤੀ ਵਪਾਰੀਆਂ ਨੇ ਛੁਹਾਰੇ ਵੀ ਖਰੀਦਣ ਤੋਂ ਇਨਕਾਰ ਕਰ ਦਿੱਤਾ ਹੈ। ਦੋਵਾਂ ਦੇਸ਼ਾਂ ਵਿਚਾਲੇ ਟ੍ਰੇਡ ਬੈਲੇਂਸ 1.36 ਅਰਬ ਡਾਲਰ (9.72 ਲੱਖ ਕਰੋੜ ਰੁਪਏ) ਦਾ ਹੈ ਅਤੇ ਇਹ ਭਾਰਤ ਦੇ ਪੱਖ ਵਿੱਚ ਹੈ। 2017-18 ਵਿੱਚ ਪਾਕਿਸਤਾਨ ਨੇ ਭਾਰਤ ਨੂੰ 48.4 ਕਰੋੜ ਡਾਲਰ (3461 ਕਰੋੜ ਰੁਪਏ) ਦਾ ਐਕਸਪੋਰਟ ਕੀਤਾ, ਜਦੋਂ ਕਿ ਭਾਰਤ ਨੇ ਪਾਕਿਸਤਾਨ ਨੂੰ 1.8 ਅਰਬ ਡਾਲਰ (12.8 ਹਜ਼ਾਰ ਕਰੋੜ ਰੁਪਏ) ਦਾ ਐਕਸਪੋਰਟ ਕੀਤਾ। ਕੇਂਦਰ ਸਰਕਾਰ ਸ਼ਤਰੂ ਜਾਇਦਾਦ ਐਕਟ ਹੇਠ 3000 ਕਰੋੜ ਰੁਪਏ ਦੇ ਸ਼ਤਰੂ ਸ਼ੇਅਰਾਂ ਨੂੰ ਵੇਚਣ ਦੀ ਤਿਆਰੀ ਵਿੱਚ ਹੈ। ਦਹਾਕਿਆਂ ਤੋਂ ਬੇਕਾਰ ਪਈ ਸ਼ਤਰੂ ਜਾਇਦਾਦ ਨੂੰ ਵੇਚਿਆ ਜਾ ਸਕੇਗਾ। ਭਾਰਤ ਸਰਕਾਰ ਵੱਲੋਂ ਆਰਥਿਕ ਮੋਰਚੇ 'ਤੇ ਪਾਕਿਸਤਾਨ ਖਿਲਾਫ ਕਈ ਫੈਸਲੇ ਲਏ ਗਏ ਹਨ।














ਹੁਵਾਵੇ ਕੰਪਨੀ ਨੇ ਕਿਹਾ

# ਅਮਰੀਕਾ ਸਾਨੂੰ ਦਬਾ ਨਹੀਂ ਸਕਦਾ, ਦੁਨੀਆ ਸਾਡੇ ਤੋਂ ਬਿਨਾਂ ਰਹਿ ਨਹੀਂ ਸਕਦੀ

ਬੀਜਿੰਗ, 20 ਫਰਵਰੀ (ਪੋਸਟ ਬਿਊਰੋ)- ਚੀਨੀ ਟੈਲੀਕਾਮ ਕੰਪਨੀ ਹੁਵਾਵੇ ਦੇ ਮੋਢੀ ਰੇਨ ਝੇਂਗਫੇਈ ਨੇ ਅਮਰੀਕਾ ਉਤੇ ਪਲਟਵਾਰ ਕੀਤਾ ਹੈ। ਝੇਂਗਫੇਈ ਨੇ ਕਿਹਾ ਕਿ ਅਮਰੀਕਾ ਸਭ ਕੋਸ਼ਿਸ਼ਾਂ ਦੇ ਬਾਵਜੂਦ ਸਾਨੂੰ ਦਬਾ ਨਹੀਂ ਸਕਦਾ। ਉਨ੍ਹਾਂ ਕਿਹਾ ਕਿ ਦੁਨੀਆ ਹੁਵਾਵੇ ਦੇ ਬਿਨਾਂ ਨਹੀਂ ਰਹਿ ਸਕਦੀ, ਕਿਉਂਕਿ ਕੰਪਨੀ ਦੇ ਕੋਲ ਸਭ ਤੋਂ ਉਨਤ ਤਕਨੀਕ ਹੈ।



ਆਪਣੀ ਬੇਟੀ ਅਤੇ ਕੰਪਨੀ ਦੀ ਚੀਫ ਫਾਈਨੈਂਸ਼ੀਅਲ ਅਫਸਰੇ ਮੇਂਗ ਵਾਨਝੋਊ ਦੀ ਦਸੰਬਰ ਵਿੱਚ ਕੈਨੇਡਾ ਵਿੱਚ ਗ੍ਰਿਫਤਾਰੀ ਨੂੰ ਝੇਂਗਫੇਈ ਨੇ ਸਿਆਸਤ ਤੋਂ ਪ੍ਰੇਰਿਤ ਦੱਸਿਆ। ਵਾਨਹੋਊ ਉਤੇ ਈਰਾਨ ਵਿੱਚ ਅਮਰੀਕੀ ਪਾਬੰਦੀਆਂ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਗਿਆ ਸੀ। ਉਨ੍ਹਾਂ ਦੇ ਅਮਰੀਕਾ ਹਵਾਲਗੀ ਲਈ ਅਗਲੇ ਮਹੀਨੇ ਸੁਣਵਾਈ ਹੋਣੀ ਹੈ। ਝੇਂਗਫੇਈ ਨੇ ਕਿਹਾ ਕਿ ਅਸੀਂ ਇਸ ਕਦਮ ਦਾ ਵਿਰੋਧ ਕਰਦੇ ਹਾਂ, ਪਰ ਅਸੀਂ ਕੋਰਟ ਦੇ ਫੈਸਲੇ ਦਾ ਇੰਤਜ਼ਾਰ ਕਰਾਂਗੇ।

ਪਿਛਲੇ ਸਾਲ ਸੁਰੱਖਿਆ ਚਿੰਤਾਵਾਂ ਕਾਰਨ ਆਸਟਰੇਲੀਆ ਨੇ ਆਪਣੇ ਭਵਿੱਖ ਦੇ 5ਜੀ ਨੈੱਟਵਰਕ ਲਈ ਹੁਵਾਵੇ ਦੇ ਜੰਤਰਾਂ 'ਤੇ ਪਾਬੰਦੀ ਲਾ ਦਿੱਤੀ ਸੀ। ਨਿਊਜ਼ੀਲੈਂਡ ਨੇ ਵੀ 5ਜੀ ਨੈੱਟਵਰਕ ਲਈ ਆਪਣੇ ਸਭ ਤੋਂ ਵੱਡੇ ਟੈਲੀਕਾਮ ਕੈਰੀਅਰ ਨੂੰ ਹੁਵਾਵੇ ਦੇ ਜੰਤਰ ਲੈਣ ਤੋਂ ਰੋਕ ਦਿੱਤਾ ਸੀ। ਚੈੱਕ ਗਣਰਾਜ ਨੇ ਵੀ ਟੈਂਡਰ ਪ੍ਰਕਿਰਿਆ ਤੋਂ ਹੁਵਾਵੇ ਨੂੰ ਬਾਹਰ ਰੱਖਿਆ ਹੈ। ਅਮਰੀਕਾ ਵਿੱਚ ਹੁਵਾਵੇ 'ਤੇ ਟ੍ਰੇਡ ਸੀਕ੍ਰੇਟ ਚੋਰੀ ਕਰਨ ਦੇ ਦੋਸ਼ ਹਨ। ਅਮਰੀਕਾ ਦਾ ਕਹਿਣਾ ਹੈ ਕਿ ਹੁਵਾਵੇ ਆਪਣੇ ਕਰਮਚਾਰੀਆਂ ਨੂੰ ਦੂਸਰੀਆਂ ਕੰਪਨੀਆਂ ਦੀ ਟੈਕਨਾਲੋਜੀ ਚੋਰੀ ਕਰਨ ਦੇ ਲਈ ਇਨਾਮ ਵੀ ਦਿੰਦਾ ਹੈ।

ਝੇਂਗਫੇਈ ਨੇ ਕਿਹਾ ਕਿ ਪੱਛਮੀ ਦੇਸ਼ਾਂ ਦੇ ਰਵੱਈਏ ਤੋਂ ਉਹ ਦੁਖੀ ਨਹੀਂ ਹਨ। ਉਨ੍ਹਾਂ ਨੇ ਕਿਹਾ ਕਿ ਜੇ ਪੱਛਮ ਵਿੱਚ ਰੋਸ਼ਨੀ ਚਲੀ ਵੀ ਜਾਂਦੀ ਹੈ ਤਾਂ ਸਾਡੇ ਲਈ ਪੂਰਬ ਚਮਕਦਾ ਰਹੇਗਾ। ਉਨ੍ਹਾਂ ਨੇ ਕਿਹਾ ਕਿ ਜੇ ਅਮਰੀਕਾ ਕੁਝ ਹੋਰਨਾਂ ਦੇਸ਼ਾਂ ਨੂੰ ਸਾਡੇ ਖਿਲਾਫ ਕਰਨ ਵਿੱਚ ਸਫਲ ਵੀ ਹੋ ਜਾਂਦਾ ਹੈ ਤਾਂ ਅਸੀਂ ਕਦੇ ਆਪਣਾ ਆਕਾਰ ਘਟਾ ਨਹੀਂ ਸਕਦੇ ਹਾਂ। ਉਂਝ ਕਈ ਦੇਸ਼ਾਂ ਵਿੱਚ ਅਮਰੀਕੀ ਕੋਸ਼ਿਸ਼ ਫੇਲ ਵੀ ਹੋ ਰਹੀ ਹੈ। ਬ੍ਰਿਟੇਨ ਦੀਆਂ ਖੁਫੀਆ ਏਜੰਸੀਆਂ ਦਾ ਮੰਨਣਾ ਹੈ ਕਿ ਹੁਵਾਵੇ ਤੋਂ ਜਾ ਖਤਰਾ ਪੈਦਾ ਹੋਵੇਗਾ ਉਸ ਨੂੰ ਮੈਨੇਜ ਕੀਤਾ ਜਾ ਸਕਦਾ ਹੈ। ਝੇਂਗਫੇਈ ਨੇ ਕਿਹਾ ਕਿ ਜੇ ਬ੍ਰਿਟੇਨ ਨੂੰ ਸਾਡੇ 'ਤੇ ਭਰੋਸਾ ਹੈ ਤਾਂ ਇਹ ਦੂਸਰੇ ਦੇਸ਼ਾਂ ਨੂੰ ਵੀ ਹੋ ਸਕਦਾ ਹੈ। ਸਾਨੂੰ ਉਮੀਦ ਹੈ ਕਿ ਦੇਸ਼ ਸਮਝਣਗੇ ਕਿ ਹੁਵਾਵੇ ਖਤਰਾ ਨਹੀਂ ਮੌਕਾ ਹੈ।

## ਟਰੰਪ ਨਾਲ ਮੀਟਿੰਗ ਲਈ ਕਿਮ ਟ੍ਰੇਨ ਵਿੱਚ ਹਨੋਈ ਜਾਣਗੇ

ਹਨੋਈ, 20 ਫਰਵਰੀ (ਪੋਸਟ ਬਿਊਰੋ)- ਉੱਤਰੀ ਕੋਰੀਆ ਦੇ ਹੁਕਮਰਾਨ ਕਿਮ ਜੋਂਗ ਉਨ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਆਪਣੀ ਦੂਜੀ ਮੀਟਿੰਗ ਲਈ ਟ੍ਰੇਨ ਰਾਹੀਂ ਵੀਅਤਨਾਮ ਜਾਣਗੇ। ਪਿਛਲੇ ਸਾਲ ਜੂਨ ਵਿਚ ਸਿੰਗਾਪੁਰ ਵਿੱਚ ਹੋਈ ਪਹਿਲੀ ਬੈਠਕ ਪਿੱਛੋਂ ਦੋਵੇਂ ਆਗੂ 27-28 ਫਰਵਰੀ ਨੂੰ ਹਨੋਈ ਵਿਚ ਦੂਜੀ ਬੈਠਕ ਕਰਨਗੇ। ਪਿਛਲੀ ਵਾਰ ਦੋਵਾਂ ਨੇ ਕੋਰੀਆਈ ਖਿੱਤੇ ਦੇ ਐਟਮੀ ਪ੍ਰੋਗਰਾਮ ਰੋਕਣ ਵੱਲ ਕਦਮ ਵਧਾਉਣ ਦੀ ਗੱਲ ਕੀਤੀ ਸੀ।

ਇਸ ਵਾਰ ਦੋਵਾਂ ਵਿਚਾਲੇ ਸਾਫ ਸਮਝੌਤਾ ਹੋਣ ਦੀ ਆਸ ਹੈ। ਇਸ ਮੀਟਿੰਗ ਦੀ ਤਿਆਰੀ ਕਰ ਰਹੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਿਮ ਜੋਂਗ ਉਨ ਟ੍ਰੇਨ ਰਾਹੀਂ ਇਥੇ ਪੁੱਜਣਗੇ। ਟ੍ਰੇਨ ਰਾਹੀਂ ਚੀਨ ਰਸਤੇ ਵੀਅਤਨਾਮ ਪੁੱਜਣ ਵਿਚ ਉਨ੍ਹਾਂ ਨੂੰ ਢਾਈ ਦਿਨ ਦਾ ਸਮਾਂ ਲੱਗੇਗਾ। ਕਿਮ ਦੇ ਪਿਤਾ ਕਿਮ ਜੋਂਗ ਦੂਜੇ ਅਤੇ ਦਾਦਾ ਕਿਮ ਸੁੰਗ (ਦੂਜਾ) ਨੂੰ ਵੀ ਟ੍ਰੇਨ ਦਾ ਸਫ਼ਰ ਪਸੰਦ ਸੀ। ਬ੍ਰਿਟੇਨ ਵਿੱਚ ਉੱਤਰੀ ਕੋਰੀਆ ਦੇ ਉਪ ਰਾਜਦੂਤ ਰਹਿ ਚੁੱਕੇ ਥਾਈ ਯੋਂਗ ਦਾ ਕਹਿਣਾ ਹੈ ਕਿ ਕਿਮ ਦੇ ਪਿਤਾ ਨੂੰ ਵਿਦੇਸ਼ ਯਾਤਰਾਵਾਂ ਕਰਨਾ ਪਸੰਦ ਨਹੀਂ ਸੀ, ਪ੍ਰੰਤੂ ਕਿਮ ਆਪਣੇ ਦਾਦਾ ਵਾਂਗ ਹਨ। ਉਨ੍ਹਾਂ ਨੂੰ ਵਿਦੇਸ਼ ਯਾਤਰਾਵਾਂ ਪਸੰਦ ਸਨ। ਕਿਮ ਸੁੰਗ 1958 ਅਤੇ 1964 ਵਿੱਚ ਵੀਅਤਨਾਮ ਗਏ ਸਨ। 1958 ਦੀ ਯਾਤਰਾ ਵਿੱਚ ਉਨ੍ਹਾਂ ਨੇ ਆਪਣਾ ਅੱਧਾ ਸਫ਼ਰ ਟ੍ਰੇਨ ਵਿੱਚ ਤੈਅ ਕੀਤਾ ਸੀ। ਫਿਰ ਉਹ ਜਹਾਜ਼ ਰਾਹੀਂ ਹਨੋਈ ਪੁੱਜੇ ਸਨ।

## ਉਈਗਰ ਲੋਕਾਂ ਉੱਤੇ ਜਬਰ ਕਰਨ ਵਾਲਾ ਚੀਨ ਵੀ ਭਾਰਤ ਸਰਕਾਰ ਨੂੰ ਸਬਰ ਕਰਨ ਨੂੰ ਕਹਿੰਦੈ

ਬੀਜਿੰਗ, 20 ਫਰਵਰੀ (ਪੋਸਟ ਬਿਊਰੋ)- ਪੁਲਵਾਮਾ ਵਿੱਚ ਕੀਤੇ ਗਏ ਅੱਤਵਾਦੀ ਹਮਲੇ ਪਿੱਛੋਂ ਭਾਰਤ ਤੇ ਪਾਕਿਸਤਾਨ ਵਿੱਚ ਵਧੇ ਤਣਾਅ ਦਰਮਿਆਨ ਚੀਨ ਨੇ ਦੋਵਾਂ ਦੇਸ਼ਾਂ ਨੂੰ ਸੰਜਮ ਵਰਤਣ ਦੀ ਅਪੀਲ ਕੀਤੀ ਹੈ। ਚੀਨ ਨੇ ਦੋਵਾਂ ਧਿਰਾਂ ਨੂੰ ਆਪਸੀ ਵਿਵਾਦ ਛੇਤੀ ਤੋਂ ਛੇਤੀ ਗੱਲਬਾਤ ਰਾਹੀਂ ਹੱਲ ਕਰਨ ਦਾ ਸੱਦਾ ਵੀ ਦਿੱਤਾ ਹੈ।



ਵਰਨਣ ਯੋਗ ਹੈ ਕਿ ਚੀਨ ਸਰਕਾਰ ਉੱਤੇ ਆਪਣੇ ਸ਼ਿਨਜਿਆਂਗ ਸੂਬੇ 'ਚ ਰਹਿਣ ਵਾਲੇ ਉਈਗਰ ਮੁਸਲਮਾਨਾਂ ਦੀ ਕੱਟੜਪੰਥੀ ਸੋਚ ਨੂੰ ਬਦਲਣ ਲਈ ਉਨ੍ਹਾਂ 'ਤੇ ਜ਼ੁਲਮ ਕਰਨ ਦਾ ਦੋਸ਼ ਹੈ। ਉਸ ਨੇ ਲੱਖਾਂ ਉਈਗਰ ਮੁਸਲਮਾਨਾਂ ਨੂੰ ਕੈਂਪਾਂ 'ਚ ਬੰਦ ਕੀਤਾ ਹੋਇਆ ਹੈ। ਚੀਨ ਸਰਕਾਰ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੇਂਗ ਸ਼ੁਆਂਗ ਨੇ ਕੱਲ੍ਹ ਪ੍ਰੈਸ ਕਾਨਫਰੰਸ 'ਚ ਕਿਹਾ, 'ਪਾਕਿਸਤਾਨ ਤੇ ਭਾਰਤ ਦੱਖਣੀ ਏਸ਼ੀਆ ਦੇ ਅਹਿਮ ਦੇਸ਼ ਹਨ। ਖੇਤਰ 'ਚ ਸ਼ਾਂਤੀ ਤੇ ਸਥਿਰਤਾ ਲਈ ਇਨ੍ਹਾਂ ਦੋਵਾਂ ਦੇਸ਼ਾਂ ਵਿਚਕਾਰ ਸਥਾਈ ਦੁਵੱਲੇ ਸਬੰਧੀ ਜ਼ਰੂਰੀ ਹਨ।' ਸ਼ੁਆਂਗ ਪੁਲਵਾਮਾ ਹਮਲੇ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਵਧੇ ਤਣਾਅ ਨਾਲ ਸਬੰਧਤ ਸਵਾਲ ਦਾ ਜਵਾਬ ਦੇ ਰਹੇ ਸਨ। ਉਨ੍ਹਾਂ ਨੇ ਅੱਗੇ ਕਿਹਾ, 'ਦੱਖਣੀ ਏਸ਼ੀਆ 'ਚ ਲਗਭਗ ਪੂਰੀ ਤਰ੍ਹਾਂ ਨਾਲ ਸਥਿਰਤਾ ਬਣੀ ਹੋਈ ਹੈ ਤੇ ਸਾਰੀਆਂ ਧਿਰਾਂ ਨੂੰ ਇਸ ਨੂੰ ਬਣਾਈ ਰੱਖਣਾ ਚਾਹੀਦਾ ਹੈ। ਚੀਨ ਉਮੀਦ ਕਰਦਾ ਹੈ ਕਿ ਪਾਕਿਸਤਾਨ ਤੇ ਭਾਰਤ ਸੰਜਮ ਬਣਾਈ ਰੱਖਣਗੇ ਤੇ ਆਪਸੀ ਮਸਲਿਆਂ ਨੂੰ ਹੱਲ ਕਰਨ ਲਈ ਛੇਤੀ ਤੋਂ ਛੇਤੀ ਗੱਲਬਾਤ ਸ਼ੁਰੂ ਕਰਨਗੇ।' ਜੰਮੂ ਕਸ਼ਮੀਰ 'ਚ ਤਿੰਨ ਦਹਾਕਿਆਂ ਤੋਂ ਪਾਕਿਸਤਾਨ ਵੱਲੋਂ ਚਲਾਏ ਜਾ ਰਹੇ ਅੱਤਵਾਦ ਨੂੰ ਝੱਲ ਰਹੇ ਭਾਰਤ ਨੂੰ ਸੰਜਮ ਦਾ ਉਪਦੇਸ਼ ਦੇਣ ਵਾਲਾ ਚੀਨ ਆਪਣੇ ਇਥੇ ਕੱਟੜਪੰਥ ਦੀ ਸ਼ੰਕਾ 'ਚ ਹੀ ਉਈਗਰ ਮੁਸਲਮਾਨਾਂ ਦਾ ਦਮਨ ਕਰ ਰਿਹਾ ਹੈ। ਪਿੱਛੇ ਜਿਹੇ ਆਈ ਇਕ ਰਿਪੋਰਟ ਮੁਤਾਬਕ ਚੀਨ ਨੇ ਆਪਣੇ ਦੱਖਣੀ ਪੱਛਮੀ ਸੂਬੇ ਸ਼ਿਨਜਿਆਂਗ 'ਚ 10 ਲੱਖ ਤੋਂ ਵੱਧ ਉਈਗਰ ਮੁਸਲਮਾਨਾਂ ਨੂੰ ਕੈਂਪਾਂ 'ਚ ਕੈਦ ਕੀਤਾ ਹੋਇਆ ਹੈ। ਉਨ੍ਹਾਂ ਦੀ ਕੱਟੜਪੰਥੀ ਸੋਚ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## 18 ਸਾਲਾਂ ਪਿੱਛੋਂ ਫਰਿੱਜ ਵਿੱਚ ਮਿਲੀ ਕੁੜੀ ਦੀ ਲਾਸ਼ ਰਾਜ਼ ਖੁੱਲ੍ਹੇਗਾ



*ਘਟਨਾਸਥਾਨ ਉਤੇ ਪਹੁੰਚੀ ਪੁਲਸ ਜਾਂਚ ਕਰਦੀ ਹੋਈ।*

ਜਗ੍ਰੇਬ, 20 ਫਰਵਰੀ (ਪੋਸਟ ਬਿਊਰੋ)- ਇਕ ਕ੍ਰੋਏਸ਼ੀਆਈ ਵਿਦਿਆਰਥਣ ਕਰੀਬ 18 ਸਾਲ ਪਹਿਲਾਂ ਭੇਦਭਰੇ ਢੰਗ ਨਾਲ ਲਾਪਤਾ ਹੋ ਗਈ ਸੀ। ਅਗਲੇ ਦਿਨੀਂ ਉਸ ਦੇ ਕਤਲ ਦੀ ਗੁੱਥੀ ਸੁਲਝਣ ਤੇ 18 ਸਾਲ ਤੋਂ ਦੱਬਿਆ ਰਾਜ਼ ਖੁੱਲ੍ਹਣ ਦੀ ਆਸ ਹੈ। ਅਸਲ ਵਿੱਚ ਪੁਲਸ ਨੂੰ ਫਰਿੱਜ ਵਿੱਚੋਂ ਇਕ ਲਾਸ਼ ਮਿਲੀ ਹੈ, ਜੋ 18 ਸਾਲ ਪੁਰਾਣੀ ਦੱਸੀ ਗਈ ਹੈ।

ਇਸ ਸੰਬੰਧ ਵਿੱਚ ਜਾਂਚ ਅਧਿਕਾਰੀਆਂ ਨੇ ਦੱਸਿਆ ਕਿ ਫਰਿੱਜ ਉੱਤਰੀ ਕ੍ਰੋਏਸ਼ੀਆ ਦੇ ਮਾਲਾ ਸੁਬੋਟਿਕਾ ਦੇ ਇਕ ਘਰ ਵਿੱਚ ਰੱਖੀ ਗਈ ਸੀ। ਇਸ ਵਿੱਚਲੀ ਲਾਸ਼ ਜੈਸਮੀਨਾ ਡੋਮੀਨਿਕ ਦੀ ਮੰਨੀ ਗਈ ਹੈ, ਜੋ 23 ਸਾਲ ਦੀ ਉਮਰ ਵਿੱਚ ਸਾਲ 2000 ਵਿੱਚ ਲਾਪਤਾ ਹੋ ਗਈ ਸੀ। ਡੋਮੀਨਿਕ ਉਸ ਸਮੇਂ ਜਗ੍ਰੇਬ ਵਿੱਚ ਪੜ੍ਹਦੀ ਸੀ। ਉਸ ਦੇ ਪਰਿਵਾਰ ਨੇ ਪੁਲਸ ਨੂੰ ਘਟਨਾ ਬਾਰੇ 5 ਸਾਲ ਬਾਅਦ ਦੱਸਿਆ ਸੀ। ਇਸ ਕੇਸ ਵਿੱਚ 45 ਸਾਲਾ ਔਰਤ ਨੂੰ ਮਾਲਾ ਸੁਬੋਟਿਕਾ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਨੇ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਫ੍ਰੀਜ਼ਰ ਵਿੱਚ ਪਈ ਲਾਸ਼ ਸਾਲ 1977 ਵਿੱਚ ਜੰਮੀ ਔਰਤ ਦੀ ਹੈ, ਜਿਸ ਦੇ ਲਾਪਤਾ ਹੋਣ ਦੀ ਜਾਣਕਾਰੀ 16 ਅਗਸਤ 2005 ਨੂੰ ਦਿੱਤੀ ਗਈ ਸੀ। ਉਨ੍ਹਾਂ ਨੇ ਇਸ ਕੇਸ ਦੀ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

ਸਥਾਨਕ ਮੀਡੀਆ ਦੇ ਮੁਤਾਬਕ ਗ੍ਰਿਫਤਾਰ ਕੀਤੀ ਗਈ ਔਰਤ ਮ੍ਰਿਤਕ ਕੁੜੀ ਦੀ ਭੈਣ ਹੈ। ਦੱਸਿਆ ਜਾਂਦਾ ਹੈ ਕਿ ਇਹ ਲਾਸ਼ ਉਸ ਦੇ ਘਰ ਵਿੱਚੋਂ ਮਿਲੀ ਹੈ, ਜਿੱਥੇ ਉਹ ਆਪਣੇ ਪਤੀ ਅਤੇ 3 ਬੱਚਿਆਂ ਨਾਲ ਰਹਿ ਰਹੀ ਸੀ। ਡੋਮਿਨਿਕ ਦੇ ਪਿਤਾ ਦੀ ਮੌਤ ਕੁਝ ਸਾਲ ਪਹਿਲਾਂ ਹੋ ਗਈ ਸੀ।

## 4 ਦਿਨ ਕੋਮਾ ਵਿੱਚ ਰਹਿਣ ਪਿੱਛੋਂ ਹੋਸ਼ ਵਿੱਚ ਆਈ ਔਰਤ ਮਾਂ ਬਣ ਚੁੱਕੀ ਸੀ

ਓਲਡਹੈਮ, 20 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਦੇ ਓਲਡਹੈਮ ਵਿੱਚ ਇਕ ਔਰਤ ਦਾ ਸਿਰ ਦਰਦ ਹੋ ਰਿਹਾ ਸੀ ਤੇ ਉਹ ਸੌਣ ਚਲੀ ਗਈ ਤਾਂ 4 ਦਿਨ ਤਕ ਕੋਮਾ ਵਿੱਚ ਰਹੀ। ਜਦ ਉਹ ਕੋਮਾ ਤੋਂ ਹੋਸ਼ ਵਿੱਚ ਆਈ, ਤਦ ਤਕ ਉਹ ਮਾਂ ਬਣ ਚੁੱਕੀ ਸੀ। ਉਸ ਲਈ ਇਹ ਸਭ ਸਮਝਣਾ ਬਹੁਤ ਮੁਸ਼ਕਲ ਹੋ ਗਿਆ ਸੀ, ਕਿਉਂਕਿ ਉਸ ਨੂੰ ਇਸ ਦਾ ਇਕ ਵੀ ਲੱਛਣ ਦਿਖਾਈ ਨਹੀਂ ਦਿੱਤਾ ਸੀ ਕਿ ਉਹ ਮਾਂ ਬਣਨ ਵਾਲੀ ਹੈ।

ਇਹ ਘਟਨਾ 18 ਸਾਲ ਦੀ ਏਬੋਨੀ ਨਾਂ ਦੀ ਔਰਤ ਨਾਲ ਵਾਪਰੀ, ਜਿਸ ਦੀਆਂ ਦੋ ਬੱਚੇਦਾਨੀਆਂ (ਯੂਟ੍ਰੈਸ) ਹਨ। ਉਸ ਨੂੰ ਪਤਾ ਨਹੀਂ ਸੀ ਕਿ ਉਹ ਮਾਂ ਬਣਨ ਵਾਲੀ ਹੈ। ਉਸ ਦੇ ਪਰਿਵਾਰ ਨੇ ਦੱਸਿਆ ਕਿ 2 ਦਸੰਬਰ 2018 ਨੂੰ ਉਸ ਦੇ ਸਿਰ ਵਿੱਚ ਦਰਦ ਹੋ ਰਿਹਾ ਸੀ ਤੇ ਦੌਰੇ ਪੈਣ ਲੱਗੇ ਸਨ। ਪਰਿਵਾਰ ਨੇ ਉਸ ਨੂੰ ਹਸਪਤਾਲ ਭਰਤੀ ਕਰਾਇਆ, ਜਿੱਥੇ ਉਹ ਕੋਮਾ ਵਿੱਚ ਚਲੀ ਗਈ। ਜਦ ਡਾਕਟਰਾਂ ਨੇ ਉਸ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਉਹ ਗਰਭਵਤੀ ਹੈ। ਉਸ ਦੇ ਪਰਿਵਾਰ ਨੇ ਦੱਸਿਆ ਕਿ ਉਹ ਇਸ ਬਾਰੇ ਜਾਣਦੇ ਹੀ ਨਹੀਂ। ਡਾਕਟਰਾਂ ਨੇ ਦੱਸਿਆ ਕਿ ਬੱਚਾ ਪੂਰੀ ਤਰ੍ਹਾਂ ਵਿਕਸਤ ਹੋ ਚੁੱਕਾ ਹੈ ਤੇ ਉਸ ਦਾ ਆਪ੍ਰੇਸ਼ਨ ਕਰਕੇ ਡਲਿਵਰੀ ਕਰ ਦੇਣੀ ਚਾਹੀਦੀ ਹੈ। ਪਰਿਵਾਰ ਨੇ ਇਸ ਦੀ ਇਜਾਜ਼ਤ ਦੇ ਦਿੱਤੀ ਅਤੇ ਏਬੋਨੀ ਕੋਮਾ ਵਿੱਚ ਹੀ ਇਕ ਬੱਚੀ ਦੀ ਮਾਂ ਬਣ ਗਈ। 6 ਦਸੰਬਰ ਨੂੰ ਜਦ ਉਸ ਨੂੰ ਹੋਸ਼ ਆਈ ਤਾਂ ਹੈਰਾਨ ਰਹਿ ਗਈ। ਉਸ ਨੂੰ ਸਿਰਫ ਇੰਨਾ ਯਾਦ ਸੀ ਕਿ ਉਸ ਦਾ ਸਿਰ ਦਰਦ ਕਰ ਰਿਹਾ ਸੀ ਤੇ ਉਹ ਸੌਣ ਲਈ ਗਈ ਸੀ।

ਮਾਹਿਰਾਂ ਦਾ ਕਹਿਣਾ ਹੈ ਕਿ ਦੋ ਬੱਚੇਦਾਨੀਆਂ ਹੋਣਾ ਆਮ ਗੱਲ ਨਹੀਂ, ਇਹ 3 ਲੱਖ ਵਿੱਚੋਂ ਇਕ ਔਰਤ ਦੀਆਂ ਦੋ ਬੱਚੇਦਾਨੀਆਂ ਹੁੰਦੀਆਂ ਹਨ। ਇਸ ਤਰ੍ਹਾਂ ਦੀ ਸਥਿਤੀ ਨੂੰ ਯੂਟ੍ਰੈਸ ਡਿਡੈਲਫਿਸ ਕਿਹਾ ਜਾਂਦਾ ਹੈ। ਇਸ ਵਿੱਚ ਔਰਤ ਦੀ ਇਕ ਯੂਟ੍ਰੈਸ ਸਹੀ ਕੰਮ ਕਰਦੀ ਅਤੇ ਨਾਰਮਲ ਵਾਂਗ ਪੀਰੀਅਡਜ਼ ਆਉਂਦੇ ਹਨ, ਪਰ ਦੂਜੇ ਯੂਟ੍ਰੈਸ ਵਿੱਚ ਬੱਚਾ ਪਲ ਰਿਹਾ ਹੁੰਦਾ ਹੈ। ਇਸੇ ਕਾਰਨ ਕਈ ਵਾਰ ਔਰਤਾਂ ਨੂੰ ਪਤਾ ਨਹੀਂ ਲੱਗਦਾ ਕਿ ਉਹ ਗਰਭਵਤੀ ਹਨ। ਡਾਕਟਰ ਨੇ ਦੱਸਿਆ ਕਿ ਏਬੋਨੀ ਦਾ ਬੱਚਾ ਖੱਬੇ ਪਾਸੇ ਪਲ ਰਿਹਾ ਸੀ, ਇਸੇ ਲਈ ਕਿਸੇ ਨੂੰ ਪਤਾ ਹੀ ਨਹੀਂ ਲੱਗਾ ਕਿ ਉਹ ਗਰਭਵਤੀ ਹੈ।


ਕਿ ਤੁਸੀ Auto ਤੇ Home Insurance ਦੀਆਂ ਵਡੀਆਂ ਕਿਸ਼ਤਾਂ ਤੋਂ ਪਰੇਸ਼ਾਨ ਹੋ? Insurance ਕਰਵਾਈ ਸੀ ਪਰ ਬਣੀ ਨੀ ਗੱਲ?

ਤਾਂ ਘਬਰਾਓ ਨਾ ਸੁਜੀਤ ਮਾਜੁਮਦਾਰ ਨੂੰ ਕਾਲ ਕਰੋ ਤੇ ਆਪਣੇ ਪੈਸੇ ਬਚਾਓ!

If you have 'G' license, 3 years experience & a clean record call today for the lowest & best insurance rates

Sujit Majumdar
Agent
Cell: 647-292-1996

Paying too much for auto insurance?
Call today for best & low rates!

27 Rean Drive, Unit 11,
Toronto, ON M2K 0A6

Call for Free Estimates

A-1 RENOVATION GTA INC

$1,000 on New Basement with this flyer only

416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

Honesty, Reliability, Commitment

HIRA RANDHWA
Broker
Dir:416.319.0551 Off:905.913.8585

- 1 yr Home Warranty
- 40% Discount on Brand Name Appliances & Furniture
- Free Evaluation & Lowest Commission

OPEN HOUSE UNTIL SOLD

Silvercity

www.HiraRandhawa.com hirarandhawa@yahoo.ca

Brampton $579,900 – Hwy 10/Wlm Pkwy – 3 Bedroom, 3W/R, 1Bedroom Basement Detached, Freshly Painted, Modern Kitchen, Granite Counter Tops And Walk Out To Large Private Yard Perfect For Pvt. BBQ's

Malton $589,900 – Airport Rd/Steeles – 3 Bedroom, Semi-Detached, 3 Full Washrooms, Newly Painted, New Concrete Patio for summer BBQ, Newly Renovated 1 Bed Room Basmt. With Separate-Entrance

Malton $599,000 – Airport Rd/ Morning Star Dr – 4BR, 3WR, Large Lot, 3 Separate Apartments, Fully Renovated, 1BR Basmt.with Sep. Ent., Excellent For Investment Or Personal use, walk to Stores, Transportation, Sikh Temple

Brampton $729,000 – KingKnoll And Mclaughlin – 4Bed Rooms, 4Wash Rooms,2 Bed Room Basement, Close to Schools Sheridan College, Parks Shoppers World,Liabrary, Parks, Sikh Temple

Call For:
RESP, SUPER -VISA,& TRAVEL
Insurance
H.Randhawa
416-319-0551

MICHELIN · Continental · BFGoodrich · Hankook · ROADLUX · AEOLUS

BEST TRUCK REPAIR & TIRE CENTRE

We also Specialize in Engine, Transmission, Differential Rebuild, Safety Inspection & All Kinds of Electric Work

ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ

7 ਦਿਨ ਖੁੱਲਾ

SPECIAL ON TRUCK ALIGNMENT BRAND NEW MACHINES 2018

Brake & Drum -Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca

Winter Sale Dhamaka

Chevron Delo
Special OIL CHANGE Rates

1715 Sismet Rd, Mississauga | Call Ranjit: 416.624.8351 | Tel: 905.625.0055

# ਹੁਸ਼ਿਆਰਪੁਰ ਵਾਲੇ ਪੁਲਸ ਅਫਸਰ ਨੇ ਯੋਗੀ ਆਦਿਤਿਅਨਾਥ ਉਤੇ ਐਨ ਐਸ ਏ ਲਾਇਆ ਸੀ

## * ਵੈਬਸਾਈਟ ਨੂੰ ਇੰਟਰਵਿਊ ਕਾਰਨ ਸਸਪੈਂਡ

ਲਖਨਊ, 20 ਫਰਵਰੀ (ਪੋਸਟ ਬਿਊਰੋ)- ਇੱਕ ਵੈਬਸਾਈਟ ਨੂੰ ਇੰਟਰਵਿਊ ਦੇਣ ਦੇ ਬਾਅਦ ਉੱਤਰ ਪ੍ਰਦੇਸ਼ ਸਰਕਾਰ ਨੇ ਏ ਡੀ ਜੀ ਰੂਲਜ਼ ਐਂਡ ਮੈਨੂਅਲਸ ਜਸਬੀਰ ਸਿੰਘ ਨੂੰ ਲਾਪਰਵਾਹੀ ਦੇ ਦੋਸ਼ ਵਿੱਚ ਸਸਪੈਂਡ ਕਰ ਦਿੱਤਾ ਹੈ।



ਏ ਡੀ ਜੀ ਰੂਲਜ਼ ਐਂਡ ਮੈਨੂਅਲਸ ਜਸਬੀਰ ਸਿੰਘ

ਮੂਲ ਰੂਪ ਤੋਂ ਪੰਜਾਬ ਵਿੱਚ ਹੁਸ਼ਿਆਰਪੁਰ ਜ਼ਿਲੇ ਦੇ ਵਾਸੀ 1992 ਬੈਚ ਦੇ ਆਈ ਪੀ ਐੱਸ ਅਧਿਕਾਰੀ ਜਸਬੀਰ ਸਿੰਘ ਕਾਫੀ ਸਖਤ ਸੁਭਾਅ ਦੇ ਮੰਨੇ ਜਾਂਦੇ ਹਨ। ਉਨ੍ਹਾਂ ਨੇ 2002 ਵਿੱਚ ਗੋਰਖਪੁਰ ਦੇ ਓਦੋਂ ਦੇ ਪਾਰਲੀਮੈਂਟ ਮੈਂਬਰ ਅਤੇ ਮੌਜੂਦਾ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਖਿਲਾਫ ਕੌਮੀ ਸੁਰੱਖਿਆ ਕਾਨੂੰਨ (ਐੱਨ ਐੱਸ ਏ) ਹੇਠ ਕਾਰਵਾਈ ਕੀਤੀ ਸੀ, ਓਦੋਂ ਕੇਂਦਰ ਵਿੱਚ ਵਾਜਪਾਈ ਸਰਕਾਰ ਸੀ। ਉਸ ਦੇ ਅਗਲੇ ਦਿਨ ਉਨ੍ਹਾਂ ਦਾ ਖੁਰਾਕ ਵਿਭਾਗ ਵਿੱਚ ਤਬਦਾਲਾ ਕਰ ਦਿੱਤਾ ਗਿਆ ਸੀ। ਇਹੀ ਨਹੀਂ ਉਨ੍ਹਾਂ ਨੇ ਆਜ਼ਾਦ ਵਿਧਾਇਕ ਰਘੂਰਾਜ ਪ੍ਰਤਾਪ ਸਿੰਘ ਉਰਫ ਰਾਜਾ ਭਈਆ ਸਮੇਤ ਕਈ ਹੋਰ ਨੇਤਾਵਾਂ 'ਤੇ ਵੀ ਪਹਿਲਾਂ ਕਾਰਵਾਈ ਕੀਤੀ ਸੀ।

ਗੈਂਗਵਾਰ ਲਈ ਖਤਰਨਾਕ ਬੁਲੰਦਸ਼ਹਿਰ ਵਿੱਚ ਜਸਬੀਰ ਸਿੰਘ ਨੂੰ 2007 ਵਿੱਚ ਐੱਸ ਪੀ ਬਣਾਇਆ ਗਿਆ ਸੀ। ਉਨ੍ਹਾਂ ਨੇ ਕਿਹਾ ਸੀ ਕਿ ਉਥੇ ਤਦੇ ਜਾਵਾਂਗਾ ਜੇ ਘੱਟ ਤੋਂ ਘੱਟ ਤਿੰਨ ਸਾਲ ਦੀ ਪੋਸਟਿੰਗ ਮਿਲੇ ਤੇ 38 ਦਿਨ ਵਿੱਚ ਉਨ੍ਹਾਂ ਨੇ ਚਾਲੀ ਕੇਸ ਖੋਲ੍ਹ ਕੇ ਦੋਸ਼ੀ ਜੇਲ੍ਹ ਭੇਜ ਦਿੱਤੇ ਸਨ। ਇੱਕ ਦਿਨ ਕਾਨੂੰਨ ਵਿਵਸਥਾ ਲਈ ਸਿਰ-ਦਰਦ ਬਣ ਰਹੇ ਬਸਪਾ ਜਿਲ੍ਹਾ ਪ੍ਰਧਾਨ ਨੂੰ ਗ੍ਰਿਫਤਾਰ ਕੀਤਾ ਤਾਂ ਸਰਕਾਰ ਨੇ ਹਟਾਉਣ ਵਿੱਚ ਦੇਰ ਨਹੀਂ ਕੀਤੀ। ਓਦੋਂ ਮਾਇਆਵਤੀ ਮੁੱਖ ਮੰਤਰੀ ਸਨ। ਜਸਬੀਰ ਸਿੰਘ ਨੇ ਪਿਛਲੇ ਮਹੀਨੇ ਹਫਿੰਗਟਨ ਪੋਸਟ ਨਾਂਅ ਦੀ ਵੈਬਸਾਈਟ ਨੂੰ ਇੱਕ ਇੰਟਰਵਿਊ ਦਿੱਤੀ ਤਾਂ ਇਸ ਨੂੰ ਲੈ ਕੇ ਹੰਗਾਮਾ ਹੋ ਗਿਆ ਸੀ। ਵੈੱਬਸਾਈਟ ਨੇ ਹੈਡਲਾਈਨ ਦਿੱਤੀ ਕਿ ਜਿਸ ਅਫਸਰ ਨੇ ਯੋਗੀ ਆਦਿੱਤਿਆਨਾਥ ਉੱਤੇ ਐਨ ਐਸ ਏ ਲਾਈ ਸੀ, ਉਹ 20 ਸਾਲ ਤੋਂ ਬੀਆਬਾਨ ਵਿੱਚ ਹੈ। ਇਸ ਵਿੱਚ ਜਸਬੀਰ ਸਿੰਘ ਦੀ ਕਹਾਣੀ ਦੱਸਦੇ ਹੋਏ ਕਿਹਾ ਗਿਆ ਸੀ ਕਿ ਜਿਸ ਸੂਬੇ ਵਿੱਚ ਕਾਨੂੰਨ ਵਿਵਸਥਾ ਇੰਨੀ ਲਚਰ ਹੋਵੇ, ਉਥੇ ਸਰਕਾਰ ਕਿਸੇ ਦੀ ਹੋਵੇ, ਸਖਤ ਪੁਲਸ ਅਫਸਰਾਂ ਨੂੰ ਲਗਾਤਾਰ ਖੂੰਜੇ ਲਾਇਆ ਜਾਂਦਾ ਰਿਹਾ ਹੈ। ਜਸਬੀਰ ਸਿੰਘ ਨੇ ਇਸ ਇੰਟਰਵਿਊ ਵਿੱਚ ਕਿਹਾ ਸੀ ਕਿ ਉਹ ਸਵੇਰੇ ਸਾਢੇ ਨੌਂ ਵਜੇ ਤੋਂ ਸ਼ਾਮ ਛੇ ਵਜੇ ਤੱਕ ਲਗਾਤਾਰ ਦਫਤਰ ਰਹਿੰਦੇ ਹਨ, ਪਰ ਉਨ੍ਹਾਂ ਕੋਲ ਕੋਈ ਕੰਮ ਨਹੀਂ ਹੈ। ਇਸ ਅਹੁਦੇ 'ਤੇ ਤੈਨਾਤੀ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਸੀਨੀਅਰ ਨੂੰ ਕਿਹਾ ਸੀ ਕਿ ਇਥੇ ਕੋਈ ਕੰਮ ਨਹੀਂ ਹੁੰਦਾ ਹੈ ਤਾਂ ਉਨ੍ਹਾਂ ਨੂੰ ਸਲਾਹ ਦਿੱਤੀ ਗਈ ਸੀ ਕਿ ਤੁਸੀਂ ਕੋਈ ਰਿਸਰਚ ਪੇਪਰ ਲਿਖ ਦਿਓ। ਉਨ੍ਹਾਂ ਨੇ ਏ ਡੀ ਜੀ ਰੂਲਜ਼ ਐਂਡ ਮੈਨੂਅਲਸ ਅਹੁਦੇ ਦੀ ਵਰਤੋਂ ਅਤੇ ਇਸ ਤੋਂ ਪੁਲਸ ਦੀ ਕਾਰਜ ਪ੍ਰਣਾਲੀ 'ਤੇ ਅਸਰ 'ਤੇ ਰਿਸਰਚ ਕਰਨ ਦੀ ਪੇਸ਼ਕਸ਼ ਕੀਤੀ ਤਾਂ ਇਸ ਨੂੰ ਵੀ ਠੁਕਰਾ ਦਿੱਤਾ ਗਿਆ।

ਹੁਸ਼ਿਆਰਪੁਰ ਦੇ ਵਾਸੀ ਜਸਬੀਰ ਸਿੰਘ ਕੁਆਰੇ ਹਨ। ਉਨ੍ਹਾਂ ਦੇ ਪਿਤਾ ਫੌਜੀ ਸਨ। ਖੁਦ ਉਹ ਸਿਵਲ ਇੰਜੀਨੀਅਰ ਤੇ ਲਾਅ ਗ੍ਰੈਜੂਏਟ ਹਨ। ਉਨ੍ਹਾਂ ਨੇ ਵਿਭਾਗ ਦੇ ਕੇਸਾਂ ਦੀ ਪੈਰਵੀ ਖੁਦ ਕਰਨ ਦੀ ਪੇਸ਼ਕਸ਼ ਕੀਤੀ, ਪਰ ਇਸ ਨੂੰ ਵੀ ਠੁਕਰਾ ਦਿੱਤਾ ਗਿਆ ਸੀ। ਉਨ੍ਹਾਂ ਦੇ ਖਿਲਾਫ ਸਮੇਂ-ਸਮੇਂ 'ਤੇ ਵਿਭਾਗੀ ਜਾਂਚਾਂ ਵੀ ਬੈਠੀਆਂ, ਪਰ ਜਸਬੀਰ ਸਿੰਘ ਨੇ ਇੰਟਰਵਿਊ ਵਿੱਚ ਕਿਹਾ ਸੀ ਕਿ ਉਨ੍ਹਾਂ ਦੇ ਪਿਤਾ ਬਜਪਨ ਤੋਂ ਹੀ ਉਨ੍ਹਾਂ ਨੂੰ ਤੜਕੇ ਤਿੰਨ ਵਜੇ ਉਠਾ ਕੇ ਖੇਤਾਂ ਵਿੱਚ ਕੰਮ ਕਰਦੇ ਸਨ। ਉਸ ਦੇ ਮੁਕਾਬਲੇ ਇਹ ਵਿਭਾਗੀ ਜਾਂਚਾਂ ਕੁਝ ਵੀ ਨਹੀਂ ਔਖੀਆਂ ਨਹੀਂ ਹਨ। ਉਨ੍ਹਾਂ 'ਤੇ ਕਦੇ ਕੋਈ ਦੋਸ਼ ਸਾਬਿਤ ਵੀ ਨਹੀਂ ਹੋਇਆ। ਉਹ ਕੁਆਰੇ ਹਨ ਅਤੇ ਲਖਨਊ ਵਿੱਚ ਆਪਣੀ ਮਾਂ ਨਾਲ ਰਹਿੰਦੇ ਹਨ। ਉਨ੍ਹਾਂ ਨੂੰ 14 ਫਰਵਰੀ ਨੂੰ ਸੇਵਾ ਨਿਯਮਾਂ ਦੀ ਉਲੰਘਣਾ ਦੇ ਮਾਮਲੇ ਵਿੱਚ ਸਸਪੈਂਡ ਕੀਤਾ ਗਿਆ ਹੈ। ਉਨ੍ਹਾਂ ਨੇ 30 ਜਨਵਰੀ ਨੂੰ ਆਪਣੀ ਇੰਟਰਵਿਊ ਵਿੱਚ ਕਿਹਾ ਸੀ ਕਿ ਮੈਂ ਆਈ ਪੀ ਐੱਸ ਅਫਸਰ ਹਾਂ ਤੇ ਆਪਣੀ ਵਿਚਾਰਧਾਰਾ ਨਾਲ ਕਦੇ ਸਮਝੌਤਾ ਨਹੀਂ ਕਰਾਂਗਾ। ਇਸ ਵਿੱਚ ਉਨ੍ਹਾਂ ਨੇ ਉੱਤਰ ਪ੍ਰਦੇਸ਼ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਅਤੇ ਪੁਲਸ ਐਨਕਾਊਂਟਰ 'ਤੇ ਵੀ ਟਿੱਪਣੀ ਕੀਤੀ ਸੀ। ਜਸਬੀਰ ਸਿੰਘ ਨੇ 2017 ਵਿੱਚ ਭ੍ਰਿਸ਼ਟਾਚਾਰ ਦੇ ਖਿਲਾਫ ਅਲਖ ਜਗਾਉਣ ਦੇ ਲਈ ਇੱਕ ਮਿਊਜ਼ਿਕ ਐਲਬਮ ਵੀ ਕੱਢੀ ਸੀ, ਜੋ ਖੂਬ ਵਾਇਰਲ ਹੋਈ। ਗੀਤ ਦੇ ਬੋਲ ਖੁਦ ਉਨ੍ਹਾਂ ਦੇ ਸਨ, "ਜਦੋਂ ਲੁਟਿਆ ਦੇਸ਼ ਫਿਰੰਗੀਆਂ ਨੇ। ਜਦੋਂ ਵਤਨ ਨੇ ਸ਼ਹਾਦਤਾਂ ਮੰਗੀਆਂ ਨੇ, ਉਠ ਦੇਸ਼ ਦੇ ਜਵਾਨਾ, ਉਠ ਦੇਸ਼ ਦੇ ਕਿਸਾਨਾਂ, ਓ ਦੇਸ਼ ਸਾਡਾ ਜਾਵੇ ਲੁਟਦਾ।"

# ਪੀ ਜੀ ਆਈ ਦੇ ਡਾਕਟਰਾਂ ਵੱਲੋਂ ਦੋ ਦਿਨ ਦੇ ਬੱਚੇ ਦੀ ਰੋਬੋਟਿਕ ਸਰਜਰੀ

ਚੰਡੀਗੜ੍ਹ, 20 ਫਰਵਰੀ (ਪੋਸਟ ਬਿਊਰੋ)- ਪੋਸਟ ਗ੍ਰੈਜੂਏਟ ਇੰਸਟੀਚਿਊਟ ਫਾਰ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀ ਜੀ ਆਈ) ਚੰਡੀਗੜ੍ਹ ਨੇ ਸਿਹਤ ਦੇ ਖੇਤਰ ਵਿੱਚ ਵੱਡੀ ਪ੍ਰਾਪਤੀ ਕੀਤੀ ਹੈ। ਏਥੇ ਦੋ ਸਾਲ ਦੇ ਬੱਚੇ ਦਾ ਰੋਬੋਟਿਕ ਸਰਜਰੀ ਦੇ ਜ਼ਰੀਏ ਇਲਾਜ ਕਰ ਕੇ ਉਸ ਨੂੰ ਨਵੀਂ ਜ਼ਿੰਦਗੀ ਦਿੱਤੀ ਗਈ ਹੈ।



ਪਤਾ ਲੱਗਾ ਹੈ ਕਿ ਦੋ ਦਿਨ ਦੇ ਇਸ ਬੱਚੇ ਦੀ ਫੂਡ ਪਾਈਪ ਨਹੀਂ ਸੀ ਅਤੇ ਉਹ ਫੀਡ ਨਹੀਂ ਲੈ ਸਕਦਾ ਸੀ। ਇਸ ਕਾਰਨ ਪੀ ਜੀ ਆਈ ਦੇ ਪੀਡੀਓਟ੍ਰਿਕਸ ਸਰਜਨ ਨੇ ਉਸ ਬੱਚੇ ਦਾ ਰੋਬੋਟਿਕ ਸਰਜਰੀ ਨਾਲ ਇਲਾਜ ਕੀਤਾ। ਏਦਾਂ ਕਰਨ ਵਾਲਾ ਪੀ ਜੀ ਆਈ ਏਸ਼ੀਆ ਦਾ ਪਹਿਲਾ ਹਸਪਤਾਲ ਬਣ ਗਿਆ ਹੈ। ਦੋ ਦਿਨ ਪਹਿਲਾਂ ਸੈਕਟਰ-16 ਦੇ ਗੌਰਮਿੰਟ ਮਲਟੀ ਸਪੈਸ਼ਲਿਟੀ ਹਸਪਤਾਲ ਵਿੱਚ ਇਸ ਬੱਚੇ ਦਾ ਜਨਮ ਹੋਇਆ ਸੀ, ਪਰ ਜਨਮ ਸਮੇਂ ਤੋਂ ਉਸ ਦੀ ਫੂਡ ਪਾਈਪ ਨਹੀਂ ਸੀ ਤੇ ਉਸ ਦਾ ਵਜ਼ਨ ਸਿਰਫ ਢਾਈ ਕਿਲੋ ਸੀ। ਸਰਜਰੀ ਪਿੱਛੋਂ ਬੱਚਾ ਬਿਲਕੁਲ ਤੰਦਰੁਸਤ ਹੈ ਅਤੇ ਉਸ ਨੂੰ ਘਰ ਭੇਜ ਦਿੱਤਾ ਗਿਆ ਹੈ। ਪੀ ਜੀ ਆਈ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਐਡਵਾਂਸ ਸਹੂਲਤ ਗਰੀਬ ਲੋਕਾਂ ਨੂ ਵੀ ਦਿੱਤੀ ਜਾ ਰਹੀ ਹੈ। ਇਸ ਬੱਚੇ ਦੇ ਪਿਤਾ ਸਕਿਓਰਿਟੀ ਗਾਰਡ ਹਨ ਅਤੇ ਉਨ੍ਹਾਂ ਦੇ ਬੱਚੇ ਨੂੰ ਫ੍ਰੀ ਟ੍ਰੀਟਮੈਂਟ ਦਿੱਤਾ ਗਿਆ ਹੈ।

# ਲਾਇਬ੍ਰੇਰੀ ਤੋਂ ਲਈ ਹੋਈ ਕਿਤਾਬ 73 ਸਾਲ ਬਾਅਦ ਮੋੜੀ

ਵਾਸ਼ਿੰਗਟਨ, 20 ਫਰਵਰੀ (ਪੋਸਟ ਬਿਊਰੋ)- ਕਰੀਬ 73 ਸਾਲ ਪਹਿਲਾਂ ਵਾਸ਼ਿੰਗਟਨ ਡੀ ਸੀ ਦੀ ਜਨਤਕ ਲਾਇਬ੍ਰੇਰੀ 'ਚੋਂ ਲਈ ਗਈ ਬੱਚਿਆਂ ਦੀ ਇਕ ਕਿਤਾਬ ਕੱਲ੍ਹ ਉਸ ਲੈਣ ਵਾਲੇ ਵਿਅਕਤੀ ਨੇ ਵਾਪਸ ਕਰ ਦਿੱਤੀ ਹੈ ਤੇ ਇਸ 'ਚ ਇਕ ਪੱਤਰ ਲਿਖ ਕੇ ਇਹ ਕਿਤਾਬ ਏਨੇ ਲੰਬੇ ਸਮੇਂ ਤੱਕ ਵਾਪਸ ਨਾ ਕਰ ਸਕਣ ਦਾ ਕਾਰਨ ਵੀ ਦੱਸਿਆ ਹੈ। ਇਸ ਕਿਤਾਬ ਦਾ ਨਾਂਅ 'ਦਾ ਪੋਸਟਮੈਨ' ਹੈ ਅਤੇ ਇਸ ਨੂੰ ਮੋਰਾ ਗਰੇਗ ਨੇ 1946 'ਚ ਲਾਇਬ੍ਰੇਰੀ ਤੋਂ ਲਿਆ ਸੀ। ਬੀਤੇ ਹਫਤੇ ਇਕ ਫੇਸਬੁੱਕ ਪੋਸਟ ਰਾਹੀਂ ਮਾਊਂਟੋਮੇਰੀ ਕਾਊਂਟੀ 'ਚ




ਸਿਲਵਰ ਸਪਰਿੰਗ ਲਾਇਬ੍ਰੇਰੀ ਨੇ ਇਸ ਕਿਤਾਬ ਦੀ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ ਸੀ, ਜਿਸ ਵਿੱਚ 1920 ਦੇ ਡਾਕੀਏ ਦੀ ਜੀਵਨੀ ਨੂੰ ਪੇਸ਼ ਕੀਤਾ ਗਿਆ ਹੈ। ਇਸ ਬਾਰੇ ਲਾਇਬ੍ਰੇਰੀ ਨੇ ਕਿਹਾ ਕਿ ਇਸ ਕਿਤਾਬ ਨੂੰ ਵਾਪਸ ਕਰਨ ਵਾਲੇ ਵਿਅਕਤੀ ਦੇ ਮਾਤਾ ਪਿਤਾ ਨੇ 1946 ਵਿੱਚ ਇਹ ਕਿਤਾਬ ਲਈ ਸੀ, ਜਦੋਂ ਉਹ ਤਿੰਨ ਸਾਲ ਦੀ ਬੱਚੀ ਸੀ। ਇਸ ਤੋਂ ਬਾਅਦ ਉਸ ਦੇ ਪਰਵਾਰ ਨੂੰ ਵਾਸ਼ਿੰਗਟਨ ਡੀ ਸੀ ਤੋਂ ਕੈਨੇਡਾ ਜਾਣਾ ਪਿਆ। ਗਰੇਗ ਨੇ ਦੱਸਿਆ ਕਿ ਉਸ ਨੂੰ ਕਿਤਾਬਾਂ ਨਾਲ ਪਿਆਰ ਹੈ ਅਤੇ ਉਹ ਤਸਵੀਰਾਂ ਨੂੰ ਬਹੁਤ ਪਸੰਦ ਕਰਦੀ ਸੀ। ਜਦੋਂ ਲਾਇਬ੍ਰੇਰੀ 'ਚ ਕੰਮ ਕਰਨ ਵਾਲਿਆਂ ਨੇ ਇਸ ਕਿਤਾਬ ਨੂੰ ਦੇਖਿਆ ਤਾਂ ਉਹ ਹੈਰਾਨ ਰਹਿ ਗਏ। ਕਿਤਾਬ ਮਿਆਦ ਮੁੱਕਣ 'ਤੇ ਜਮ੍ਹਾ ਨਾ ਕਰਵਾਉਣ ਬਦਲੇ ਲਾਇਬ੍ਰੇਰੀ ਨੇ ਗਰੇਗ ਦਾ ਜੁਰਮਾਨਾ ਮੁਆਫ ਕਰ ਦਿੱਤਾ ਹੈ।

# ਪਾਕਿ ਵਿਰੁੱਧ ਭਾਰਤ ਦੇ ਪੱਖ ਵਿੱਚ ਨਿਊਜ਼ੀਲੈਂਡ ਵੱਲੋਂ ਮਤਾ ਪਾਸ

ਕ੍ਰਾਈਸਟਚਰਚ, 20 ਫਰਵਰੀ (ਪੋਸਟ ਬਿਊਰੋ)- ਪੁਲਵਾਮਾ ਵਿੱਚ ਪਿਛਲੇ ਹਫਤੇ ਹੋਏ ਹਮਲੇ ਉੱਤੇ ਭਾਰਤ ਨੂੰ ਅੱਤਵਾਦ ਖ਼ਿਲਾਫ਼ ਦੁਨੀਆ ਭਰ ਦੇ ਦੇਸ਼ਾਂ ਤੋਂ ਸਮਰਥਨ ਮਿਲ ਰਿਹਾ ਹੈ। ਇਸ ਦੀ ਸਖ਼ਤ ਨਿੰਦਾ ਕਰਨ ਦੇ ਪੱਖ ਤੋਂ ਅੱਤਵਾਦ ਖ਼ਿਲਾਫ਼ ਭਾਰਤ ਨੂੰ ਨਿਊਜ਼ੀਲੈਂਡ ਦਾ ਸਮਰਥਨ ਵੀ ਮਿਲ ਗਿਆ ਹੈ। ਉਸ ਦੀ ਪਾਰਲੀਮੈਂਟ ਨੇ ਪੁਲਵਾਮਾ ਹਮਲੇ ਦੇ ਖ਼ਿਲਾਫ਼ ਭਾਰਤ ਦੇ ਸਮਰਥਨ ਵਿੱਚ ਮਤਾ ਪਾਸ ਕੀਤਾ ਹੈ।

ਇਸ ਤੋਂ ਪਹਿਲਾਂ ਫਰਾਂਸ ਨੇ ਕਿਹਾ ਸੀ ਕਿ ਯੂ ਐੱਨ ਓ ਵਿੱਚ ਉਹ ਮੌਲਾਨਾ ਮਸੂਦ ਅਜ਼ਹਰ ਨੂੰ ਅੰਤਰਰਾਸ਼ਟਰੀ ਅੱਤਵਾਦੀ ਐਲਾਨ ਕਰਨ ਲਈ ਮਤਾ ਲੈ ਕੇ ਆਵੇਗਾ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੁਲਵਾਮਾ ਹਮਲੇ ਨੂੰ ਭਿਆਨਕ ਦੱਸਦੇ ਹੋਏ ਕਿਹਾ ਹੈ ਕਿ ਉਨ੍ਹਾਂ ਕੋਲ ਰਿਪੋਰਟਾਂ ਹਨ ਅਤੇ ਉਹ ਸਹੀ ਸਮਾਂ ਆਉਣ ਉੱਤੇ ਇਸ ਬਾਰੇ ਬਿਆਨ ਦੇਣਗੇ। ਰੂਸ ਨੇ ਵੀ ਹਰ ਸੰਭਵ ਮਦਦ ਦੇਣ ਦਾ ਐਲਾਨ ਕੀਤਾ ਹੈ। ਸਾਊਦੀ ਅਰਬ, ਆਸਟ੍ਰੇਲੀਆ, ਸ੍ਰੀਲੰਕਾ ਤੇ ਭੂਟਾਨ ਜਿਹੇ ਗੁਆਂਢੀ ਦੇਸ਼ਾਂ ਸਮੇਤ ਦੁਨੀਆ ਦੇ 40 ਦੇਸ਼ਾਂ ਤੋਂ ਵੱਧ ਦੇਸ਼ਾਂ ਨੇ ਭਾਰਤ ਦਾ ਸਮਰੱਥਨ ਕੀਤਾ ਹੈ।

BRITANNIA AUTO BODY
We deal with All Major Insurance companies
401 & Dixie Rd
Call: 416.671.7252
6087 Netherhart Rd, #1 & 2, Mississauga, ON L5T 1G5

ਹੈਲਪਰ ਦੀ ਲੋੜ ਹੈ
Construction Company
416-618-3358 | 905-789-7783
ਜਾਂ ਫਿਰ ਈਮੇਲ ਕਰੋ: northyorkkitchen@gmail.com

ਨੈਨੀ ਦੀ ਲੋੜ ਹੈ
Gore Rd & Ebenezer
•Must have own Transportion
•Must be from Brampton
Light House Duties
Cooking & Taking Care of two 5 year olds
From 2pm to 8pm
Contact: 416.648.2455

Get the right INSURANCE for you!
AUTO | HOME | BUSINESS
Life Insurance, Critical Illness, Disability, Super Visa Insurance, Travel & Visitor Insurance, Investments
Damanjit S. Kainth (KD)
416.554.1869
damanjit@hotmail.com



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਾਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ, ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਗਿੱਲ ਲੜਕਾ, ਉਮਰ 31 ਸਾਲ, ਕੱਦ 5'6", ਪਿਛਲੇ 10 ਸਾਲਾਂ ਤੋਂ ਦੁਬਾਈ ਵਿੱਚ ਟੱਰਕ ਚਲਾ ਰਿਹ ਲੜਕੇ ਲਈ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 00918699923074 | 00971559436629(Whatsapp)

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ , ਉਮਰ 24 ਸਾਲ, ਕੱਦ 5'-7", ਰੰਗ ਗੋਰਾ, B.sc Computer Science, 30 Acre ਜ਼ਮੀਨ, District ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

ਜੱਟ ਸਿੱਖ ਲੜਕਾ ਉਮਰ 31 ਸਾਲ, ਗੋਤ ਗਿੱਲ, ਲੰਬਾਈ 5 ਫੁੱਟ 6 ਇੰਚ, ਜੋ ਕਿ ਦੁਬਈ ਵਿਚ ਪਿਛਲੇ ਦਸ ਸਾਲਾਂ ਤੋ ਟਰੱਕ ਚਲਾ ਰਿਹਾ ਹੈ, ਲਈ ਲੜਕੀ ਦੀ ਲੋੜ ਹੈ। ਸੰਪਰਕ- ਮੋਬਾ:00918699923074, ਵਟਸਐਪ-00971559436629

## ਲੜਕੀ ਦੀ ਲੋੜ

ਜੱਟ ਸਿੱਖ ਸੇਖੋਂ ਲੜਕਾ ਉਮਰ 36 ਸਾਲ, ਕੱਦ 5'-8", ਕੇਸ਼ਧਾਰੀ ਤੇ ਨਸ਼ੀਆਂ ਤੋਂ ਦੂਰ, A.Z Driver, Divorced ਲੜਕੇ ਲਈ Student/citizen ਜਾਂ ਵੀਜ਼ਿਟਰ ਵਿਜ਼ੇ ਤੇ ਆਈ ਲੜਕੀ ਦੀ ਲੋੜ ਹੈ।
ਸੰਪਰਕ ਕਰੋ- 647-456-8667 | joraward96@gmail.com

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 | 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :
91-9888871813 | 306-612-4093
ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 29 ਸਾਲ, ਕੱਦ 5'-2", M.A Med, ਕੈਨੇਡਾ ਨੈਨੀ ਬੇਸ ਤੇ ਆਈ ਹੋਈ ਲੜਕੀ ਲਈ ਲੜਕੇ ਦੀ ਲੋੜ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
416-879-0439 | 289-801-4533
ਜਾਂ ਇ ਮੇਲ ਕਰੋ: lakhwinderdhindsa@yahoo.com

Beautiful sikh Ramgarhia girl (M.Com) 40 years 5'3" working as HR Manager, belongs to educated family in Yamuna Nagar, seeks suitable match and well settled Sikh boy in Canada. Girl currently in Canada. Contact 437-992-5196 ramanpreet.saggu@yahoo.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 | 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

Beautiful Sikh Tonk Kshatriya Girl (M. Pharma) Dec 1988 5'4" working as Asst. Professor belongs to educated family from Amritsar seeks suitable match and well settled Sikh boy in Canada. Parents are in Canada on visitor visa.
Contact 647-624-7733 gpspreet@gmail.com

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

Wanted Office Clerk & Office Administrator
◦Fluent in English & Hindi are essential
◦Good communication skills
◦Good computer skills
◦Willing to work in a fast paced work environment.
Please Email Resume at: molly@jfgroup.ca

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
◦$29 per hr
◦Experience: 3-5 years
◦Education has to be secondary high school or equivalent experience
Email Resume at umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢਨੋਆ

# 1986 ਵਿੱਚ ਪੁਲਸ ਗੋਲੀ ਨਾਲ ਮਰੇ ਨੌਜਵਾਨਾਂ ਦੇ ਪਰਿਵਾਰਾਂ ਵੱਲੋਂ ਸਰਕਾਰ ਨੂੰ ਇਨਸਾਫ ਦੀ ਅਪੀਲ

ਜਲੰਧਰ, 20 ਫਰਵਰੀ (ਪੋਸਟ ਬਿਊਰੋ)- ਨਕੋਦਰ ਵਿੱਚ 1986 ਵਿੱਚ ਪੁਲਸ ਵੱਲੋਂ ਕੀਤੀ ਗਈ ਫਾਇਰਿੰਗ ਵਿੱਚ ਚਾਰ ਸਿੱਖ ਨੌਜਵਾਨਾਂ ਦੀ ਮੌਤ ਹੋ ਗਈ ਸੀ। ਉਨ੍ਹਾਂ ਦੇ ਵਾਰਸਾਂ ਨੇ ਸਰਕਾਰ ਨੂੰ ਨਿਆਂ ਦੀ ਅਪੀਲ ਕੀਤੀ ਹੈ।

ਉਸ ਵੇਲੇ ਪੁਲਸ ਫਾਇਰਿੰਗ ਵਿੱਚ ਮਾਰੇ ਗਏ ਨੌਜਵਾਨਾਂ ਦੇ ਪਰਵਾਰਾਂ ਨੇ ਪ੍ਰੈੱਸ ਕਾਨਫਰੰਸ ਵਿੱਚ ਇਸ ਕੇਸ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਭੂਮਿਕਾ 'ਤੇ ਵੀ ਸਵਾਲ ਕੀਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੁਲਸ ਵੱਲੋਂ ਨੌਜਵਾਨਾਂ 'ਤੇ ਚਲਾਈਆਂ ਗੋਲੀਆਂ ਵਿੱਚ 2001 ਬਾਰੇ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਆ ਗਈ ਸੀ, ਪਰ ਬਾਦਲ ਸਰਕਾਰ ਨੇ ਇਸ ਰਿਪੋਰਟ ਨੂੰ ਦਬਾ ਲਿਆ ਤੇ ਇਸ ਨੂੰ ਪੇਸ਼ ਨਹੀਂ ਕੀਤਾ ਗਿਆ।

ਵਰਨਣ ਯੋਗ ਹੈ ਕਿ ਨਕੋਦਰ ਦੇ ਗੁਰਦੁਆਰਾ ਸਾਹਿਬ ਵਿੱਚ ਦੋ ਫਰਵਰੀ 1986 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਸ਼ਰਾਰਤੀ ਅਨਸਰਾਂ ਵੱਲੋਂ ਸਾੜੇ ਜਾਣ ਦੇ ਵਿਰੁੱਧ ਸਿੱਖਾਂ ਨੇ ਸ਼ਾਂਤੀਪੂਰਨ ਢੰਗ ਨਾਲ ਚਾਰ ਫਰਵਰੀ 1986 ਨੂੰ ਰੋਸ ਮਾਰਚ ਕੱਢਿਆ ਸੀ। ਇਸ ਦੌਰਾਨ ਪੁਲਸ ਨੇ ਰੋਸ ਪ੍ਰਦਰਸ਼ਨ ਕਰਦੇ ਲੋਕਾਂ 'ਤੇ ਗੋਲੀਆਂ ਚਲਾ ਦਿੱਤੀਆਂ ਸਨ ਤਾਂ ਚਾਰ ਸਿੱਖ ਨੌਜਵਾਨ ਰਵਿੰਦਰ ਸਿੰਘ, ਬਲਧੀਰ ਸਿੰਘ, ਝਿਲਮਣ ਸਿੰਘ ਅਤੇ ਹਰਮਿੰਦਰ ਸਿੰਘ ਦੀ ਮੌਤ ਹੋ ਗਈ ਸੀ। ਪੀੜਤ ਪਰਵਾਰਾਂ ਨੇ ਦੋਸ਼ ਲਾਇਆ ਕਿ ਅਕਾਲੀ ਸਰਕਾਰ ਦੇ ਰਾਜ ਵਿੱਚ ਘਟਨਾ ਹੋਈ ਸੀ ਤੇ ਉਸ ਦੀ ਰਿਪੋਰਟ ਵੀ ਆ ਗਈ, ਪਰ ਸਰਕਾਰ ਨੇ ਆਪਣੀ ਸਾਖ ਬਚਾਉਣ ਲਈ ਰਿਪੋਰਟ ਨੂੰ ਦੱਬ ਲਈ ਸੀ। ਪਰਵਾਰ ਨੇ ਅਪੀਲ ਕੀਤੀ ਹੈ ਕਿ ਫਾਇਰਿੰਗ ਦੌਰਾਨ ਮੌਕੇ 'ਤੇ ਮੌਜੂਦ ਪੁਲਸ ਵਾਲਿਆਂ ਉੱਤੇ ਕਾਰਵਾਈ ਹੋਣੀ ਚਾਹੀਦੀ ਹੈ। ਪੀੜਤ ਪਰਵਾਰਾਂ ਨੇ ਕਿਹਾ ਕਿ ਇਹ ਜਾਂਚ ਰਿਪੋਰਟ ਵਿਧਾਨ ਸਭਾ ਵਿੱਚ ਪੇਸ਼ ਕੀਤੀ ਜਾਵੇ।

ਮ੍ਰਿਤਕ ਰਵਿੰਦਰ ਸਿੰਘ ਦੇ ਪਿਤਾ ਬਲਦੇਵ ਸਿੰਘ ਨੇ ਕਿਹਾ ਕਿ 1986 ਵਿੱਚ ਜਲੰਧਰ ਦੇ ਐਸ ਐਸ ਪੀ ਇਜਹਾਰ ਆਲਮ ਅਤੇ ਡਿਪਟੀ ਕਮਿਸ਼ਨਰ ਦਰਬਾਰਾ ਸਿੰਘ ਗੁਰੂ ਸਨ। ਇਹ ਦੋਵੇਂ ਜਣੇ ਬਾਅਦ ਵਿੱਚ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਤੇ ਉਨ੍ਹਾਂ ਨੂੰ ਅਕਾਲੀ ਦਲ ਨੇ ਟਿਕਟ ਵੀ ਦਿੱਤੀ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨਾਲ ਬੇਇਨਸਾਫੀ ਹੋਈ ਤੇ ਉਨ੍ਹਾਂ ਦੇ ਬੇਟੇ ਅਤੇ ਹੋਰ ਨੌਜਵਾਨਾਂ ਦੀਆਂ ਲਾਸ਼ਾਂ ਪਛਾਣ ਤੋਂ ਬਾਅਦ ਵੀ ਅਣਪਛਾਤੀਆਂ ਕਰਾਰ ਦਿੱਤੀਆਂ ਗਈਆਂ ਅਤੇ ਪੁਲਸ ਨੇ ਖੁਦ ਹੀ ਲਾਸ਼ਾਂ ਦਾ ਸਸਕਾਰ ਕਰ ਦਿੱਤਾ ਸੀ। ਪਰਵਾਰਾਂ ਨੇ ਤੁਰੰਤ ਇਨਸਾਫ ਦੀ ਮੰਗ ਕੀਤੀ ਹੈ।

# ਇਸਰਾਈਲ ਨੇ ਅੱਤਵਾਦ ਵਿਰੁਧ ਜੰਗ ਵਿੱਚ ਭਾਰਤ ਦਾ ਸਾਥ ਦੇਣ ਦਾ ਐਲਾਨ ਕੀਤਾ

ਨਵੀਂ ਦਿੱਲੀ, 20 ਫਰਵਰੀ (ਪੋਸਟ ਬਿਊਰੋ)- ਪੁਲਵਾਮਾ ਹਮਲੇ ਤੋਂ ਬਾਅਦ ਭਾਰਤ ਜਦੋਂ ਦੁਨੀਆ ਵਿਚ ਪਾਕਿ ਦੇ ਵਿਰੁਧ ਸਿਆਸੀ ਦਬਾਅ ਬਣਾਉਣ ਦੀ ਕੋਸ਼ਿਸ਼ ਵਿਚ ਹੈ, ਓਦੋਂ ਇਸਰਾਈਲ ਨੇ ਖੁੱਲ੍ਹ ਕੇ ਸਾਥ ਦੇਣ ਦੀ ਪਹਿਲ ਕੀਤੀ ਹੈ।


ਇਸਰਾਈਲ ਦੇ ਨਵੇਂ ਨਿਯੁਕਤ ਰਾਜਦੂਤ ਡਾ. ਰੌਨ ਮਲਕ

ਇਸ ਸੰਬੰਧ ਵਿਚ ਇਸਰਾਈਲ ਨੇ ਸਪੱਸ਼ਟ ਕਿਹਾ ਹੈ ਕਿ ਅਤਿਵਾਦ ਦੇ ਵਿਰੁਧ ਬਚਾਅ ਕਰਨ ਲਈ ਸਾਡੀ ਮਦਦ ਦੀ ਕੋਈ ਹੱਦ ਨਹੀਂ ਹੈ। ਇਸਰਾਈਲ ਨੇ ਭਾਰਤ ਨੂੰ ਵਿਸ਼ੇਸ਼ ਰੂਪ ਤੋਂ ਅਤਿਵਾਦ ਵਿਰੁਧ ਆਪਣੇ ਬਚਾਅ ਲਈ ਬਿਨਾਂ ਸ਼ਰਤ ਮਦਦ ਦੀ ਪੇਸ਼ਕਸ਼ ਕਰਦੇ ਹੋਏ ਕਿਹਾ ਕਿ ਉਸ ਦੀ ਮਦਦ ਦੀ ਕੋਈ ਹੱਦ ਨਹੀਂ। ਉਸ ਦਾ ਇਹ ਬਿਆਨ ਭਾਰਤ ਵਿਚ ਵਧਦੀ ਇਸ ਮੰਗ ਦੇ ਪੱਖੋਂ ਮਹੱਤਵ ਪੂਰਨ ਹੈ ਕਿ ਸਾਨੂੰ ਅਤਿਵਾਦ ਨਾਲ ਨਿਬੜਨ ਲਈ ਇਸਰਾਈਲੀ ਨੀਤੀ ਅਪਨਾਉਣੀ ਚਾਹੀਦੀ ਹੈ। ਇਸਰਾਈਲ ਦੇ ਨਵੇਂ ਨਿਯੁਕਤ ਰਾਜਦੂਤ ਡਾ. ਰੌਨ ਮਲਕਾ ਦੀ ਟਿੱਪਣੀ ਇਕ ਸਵਾਲ ਦੇ ਜਵਾਬ ਵਿਚ ਆਈ ਹੈ ਕਿ ਉਨ੍ਹਾਂ ਦਾ ਦੇਸ਼ ਅਤਿਵਾਦ ਤੋਂ ਪੀੜਤ ਭਾਰਤ ਦੀ ਕਿਸ ਹੱਦ ਤੱਕ ਮਦਦ ਕਰ ਸਕਦਾ ਹੈ।

ਵਰਨਣ ਯੋਗ ਹੈ ਕਿ ਬੀਤੇ ਵੀਰਵਾਰ ਨੂੰ ਜੰਮੂ ਕਸ਼ਮੀਰ ਵਿਚ ਇਕ ਅਤਿਵਾਦੀ ਹਮਲੇ ਵਿਚ ਸੀ ਆਰ ਪੀ ਐਫ਼ ਦੇ 40 ਜਵਾਨ ਮਾਰੇ ਗਏ ਸਨ। ਇਹ ਹਮਲਾ ਪਾਕਿਸਤਾਨ ਵਿਚਲੇ ਅਤਿਵਾਦੀ ਸੰਗਠਨ ਜੈਸ਼-ਏ-ਮੁਹੰਮਦ ਨੇ ਕਰਵਾਇਆ ਸੀ। ਹਮਲੇ ਤੋਂ ਬਾਅਦ ਇਹ ਮੰਗ ਜ਼ੋਰ ਫੜ ਰਹੀ ਹੈ ਕਿ ਭਾਰਤ ਨੂੰ ਅਤਿਵਾਦ ਵਿਰੁਧ ਇਸਰਾਈਲ ਵੱਲੋਂ ਵਰਤੀ ਜਾਣ ਵਾਲੀ ਨੀਤੀ ਉਤੇ ਸੋਚਣਾ ਚਾਹੀਦਾ ਹੈ। ਇਸਰਾਈਲੀ ਫ਼ੌਜ ਅਪਣੀ ਸਹੀ ਤੇ ਤੇਜ਼ ਕਾਰਵਾਈ ਲਈ ਦੁਨੀਆ ਵਿਚ ਮਸ਼ਹੂਰ ਹੈ। ਡਾ: ਰੌਨ ਮਲਕਾ ਨੇ ਪ੍ਰੈੱਸ ਕਾਨਫਰੰਸ ਵਿਚ ਕਿਹਾ, ਭਾਰਤ ਦੀ ਸੁਰੱਖਿਆ ਲਈ ਜੋ ਲੋੜ ਹੈ, ਉਸ ਦੀ ਕੋਈ ਹੱਦ ਨਹੀਂ ਹੈ। ਅਸੀਂ ਅਪਣੇ ਕਰੀਬੀ ਮਿੱਤਰ ਭਾਰਤ ਨੂੰ ਵਿਸ਼ੇਸ਼ ਤੌਰ ਉੱਤੇ ਅਤਿਵਾਦ ਵਿਰੁਧ ਬਚਾਅ ਕਰਨ ਵਿਚ ਮਦਦ ਕਰਨ ਨੂੰ ਤਿਆਰ ਹਾਂ, ਕਿਉਂਕਿ ਅਤਿਵਾਦ ਪੂਰੇ ਵਿਸ਼ਵ ਦੀ ਸਮੱਸਿਆ ਹੈ, ਸਿਰਫ਼ ਭਾਰਤ ਅਤੇ ਇਸਰਾਈਲ ਦੀ ਨਹੀਂ।

# ਪੰਜਾਬੀ ਗਾਇਕ ਮਨਿੰਦਰ ਮੰਗਾ ਦਾ ਦੇਹਾਂਤ

ਕੁਰਾਲੀ, 20 ਫਰਵਰੀ (ਪੋਸਟ ਬਿਊਰੋ)- ਪੰਜਾਬੀ ਗਾਇਕ ਮਨਿੰਦਰ ਮੰਗਾ ਦਾ ਕੱਲ੍ਹ ਪੀ ਜੀ ਆਈ ਚੰਡੀਗੜ੍ਹ ਵਿੱਚ ਦੇਹਾਂਤ ਹੋ ਗਿਆ। ਕਰੀਬ ਡੇਢ ਦਰਜਨ ਕੈਸੇਟਾਂ ਸਰੋਤਿਆਂ ਦੀ ਝੋਲੀ ਪਾਉਣ ਵਾਲੇ ਮਨਿੰਦਰ ਮੰਗਾ ਦੀ ਮੌਤ ਦੀ ਖਬਰ ਪਿੰਡ ਖਿਜ਼ਰਾਬਾਦ ਪੁੱਜਦਿਆਂ ਹੀ ਲੋਕ ਉਨ੍ਹਾਂ ਦੇ ਘਰ ਇਕੱਠੇ ਹੋ ਗਏ। ਉਸ ਦਾ ਅੰਤਿਮ ਸਸਕਾਰ ਦੇਰ ਸ਼ਾਮ ਪਿੰਡ ਦੇ ਸ਼ਮਸ਼ਾਨਘਾਟ ਵਿੱਚ ਕੀਤਾ ਗਿਆ। ਉਨ੍ਹਾਂ ਦੀ ਵੱਡੀ ਪੁੱਤਰੀ ਤੇ ਭੈਣ ਨੇ ਉਸ ਦੀ ਚਿਖਾ ਨੂੰ ਅਗਨੀ ਦਿੱਤੀ।



ਮੰਗਾ ਵੱਲੋਂ ਗਾਏ ਗੀਤ 'ਜਿਪਸੀ', 'ਚਾਦਰਾਂ', 'ਸਿਰਨਾਵੇਂ ਪਰੀਆਂ ਦੇ', 'ਲਲਕਾਰਾ', 'ਪੂਣੀਆਂ', 'ਪੜ੍ਹਾਈ' ਅਤੇ 'ਸਹੁਰਿਆਂ ਦੀ ਮੁੰਦੀ' ਖੂਬ ਮਕਬੂਲ ਹੋਏ ਸਨ। ਬੁਲੰਦ ਆਵਾਜ਼ ਦੇ ਮਾਲਕ ਮਨਿੰਦਰ ਮੋਗਾ ਨੇ ਕਰੀਬ ਡੇਢ ਦਹਾਕੇ ਤੱਕ ਸਰੋਤਿਆਂ ਦੇ ਦਿਲਾਂ 'ਤੇ ਰਾਜ ਕੀਤਾ। ਅਕਤੂਬਰ 2014 ਵਿੱਚ ਇਕ ਸਾਥੀ ਮਹਿਲਾ ਕਲਾਕਾਰ ਵੱਲੋਂ ਮੁਹਾਲੀ ਪੁਲਸ ਕੋਲ ਦਰਜ ਕਰਵਾਏ ਕੇਸ ਦਾ ਸਾਹਮਣਾ ਕਰਨ ਕਰਕੇ ਗਾਇਕ ਮੰਗਾ ਕੁਝ ਸਮੇਂ ਤੋਂ ਪ੍ਰੇਸ਼ਾਨੀ ਵਿੱਚੋਂ ਲੰਘ ਰਿਹਾ ਸੀ ਤੇ ਉਸ ਨੂੰ ਅਚਾਨਕ ਜਿਗਰ ਦੇ ਇਨਫੈਕਸ਼ਨ ਨੇ ਘੇਰ ਲਿਆ ਸੀ। ਇਹ ਬਿਮਾਰੀ ਅਖੀਰ ਉਸ ਦੀ ਮੌਤ ਦਾ ਕਾਰਨ ਬਣੀ।

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep

SOLD
$645,000
Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।

FOR SALE
$799,900
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

FOR SALE
$1,129,900
Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਂਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਸਸਤੀਆਂ ਹਵਾਈ ਟਿਕਟਾਂ
RC Tours Specially Designed to Save Money in Travel
Tico# 50023814
- Special Flights to India and Pakistan
- Special Packages to cuba, mexico
- Online visa application (India)
- Cruise Booking
- Travel insurance
Manjit Batra
manjit.rctours@gmail.com | www.rctours.ca
647.766.3929/647.490.4650
3459 Sheppard Ave. East, Suite 207 Scarborough

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
- Ministry of Community Safety and Correctional Services approved.
- We speak English, Hindi, Punjabi &Urdu.
- Training by Professional Instructors. First Aid & CPR certification included.
- Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
Canadian Red Cross Training Partner

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੁਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757
(905) 595-0408

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

## ਬੈਲੇਂਸ ਸਭ ਤੋਂ ਵੱਧ ਜ਼ਰੂਰੀ : ਜਾਨ ਅਬਰਾਹਮ

ਮਾਡਲ ਤੋਂ ਅਭਿਨੇਤਾ ਬਣਿਆ ਜਾਨ ਅਬਰਾਹਮ ਸਫਲ ਫਿਲਮਕਾਰ ਬਣ ਗਿਆ ਹੈ। ਰੋਮਾਂਸ ਹੋਵੇ ਜਾਂ ਐਕਸ਼ਨ ਜਾਂ ਕਾਮੇਡੀ, ਹਰ ਤਰ੍ਹਾਂ ਦੇ ਕਿਰਦਾਰਾਂ 'ਚ ਖੁਦ ਨੂੰ ਆਸਾਨੀ ਨਾਲ ਫਿੱਟ ਕਰ ਲੈਣ ਵਾਲੇ ਜਾਨ ਦੀ ਖਾਸੀਅਤ ਹੈ ਕਿ ਉਹ ਨਾ ਸਿਰਫ ਲੀਕ ਤੋਂ ਹਟ ਕੇ ਫਿਲਮਾਂ ਕਰ ਰਿਹਾ ਹੈ, ਸਗੋਂ ਆਪਣੇ ਪ੍ਰੋਡਕਸ਼ਨ ਹਾਊਸ ਰਾਹੀਂ ਇੰਡਸਟਰੀ ਨੂੰ ਲੀਕ ਤੋਂ ਹਟ ਕੇ ਤੇ ਮੈਸੇਜਫੁੱਲ ਫਿਲਮਾਂ ਵੀ ਦੇ ਰਿਹਾ ਹੈ। ਜਾਨ ਇਥੇ ਕਈ ਅਹਿਮ ਫਿਲਮਾਂ ਦਾ ਹਿੱਸਾ ਹੈ, ਉਥੇ ਆਪਣੇ ਪ੍ਰੋਡਕਸ਼ਨ ਹਾਊਸ ਅਧੀਨ ਕਈ ਫਿਲਮਾਂ ਦਾ ਨਿਰਮਾਣ ਵੀ ਕਰ ਰਿਹਾ ਹੈ। ਉਸ ਦੀ ਇੱਛਾ ਡਾਇਰੈਕਸ਼ਨ 'ਚ ਆਉਣ ਦੀ ਹੈ। ਪੇਸ਼ ਹਨ ਉਸ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :



* ਤੁਹਾਡੇ ਪ੍ਰੋਡਕਸ਼ਨ ਹਾਊਸ ਦੀ ਫਿਲਮ 'ਪਰਮਾਣੂ' ਨੂੰ ਲੋਕਾਂ ਨੇ ਪਸੰਦ ਕੀਤਾ। ਸੱਚੀ ਘਟਨਾ 'ਤੇ ਆਧਾਰਤ ਫਿਲਮ ਬਣਾਉਂਦੇ ਸਮੇਂ ਕਿਨ੍ਹਾਂ-ਕਿਨ੍ਹਾਂ ਗੱਲਾਂ ਦਾ ਖਾਸ ਧਿਆਨ ਰੱਖਣਾ ਪੈਂਦਾ ਹੈ?

– ਸੱਚੀ ਘਟਨਾ 'ਤੇ ਆਧਾਰਤ ਫਿਲਮ ਬਣਾਉਣ ਲਈ ਸਭ ਤੋਂ ਪਹਿਲੀ ਤੇ ਅਹਿਮ ਚੀਜ਼ ਹੁੰਦੀ ਹੈ ਰਿਸਰਚ, ਕਿਉਂਕਿ ਤੁਸੀਂ ਫਿਲਮ ਦੇ ਪਲਾਟ ਨਾਲ ਖੇਡ ਨਹੀਂ ਸਕਦੇ। ਕਾਲਪਨਿਕਤਾ ਦਾ ਸਹਾਰਾ ਵੀ ਲਿਆ ਜਾਂਦਾ ਹੈ, ਪਰ ਉਸ ਦਾ ਹਿੱਸਾ ਬਹੁਤ ਘੱਟ ਹੁੰਦਾ ਹੈ। ਕਈ ਜਗ੍ਹਾ ਤੁਸੀਂ ਤੁਸੀਂ ਅਸਲ ਨਾਂਅ ਦਾ ਇਸਤੇਮਾਲ ਨਹੀਂ ਕਰ ਸਕਦੇ, ਤਾਂ ਕੁਝ ਨਾਂਅ ਅਤੇ ਕੁਝ ਕਿਰਦਾਰ ਵੱਖਰੇ ਤੌਰ 'ਤੇ ਜੋੜੇ ਜਾਂਦੇ ਹਨ। ਪਲਾਟ ਨੂੰ ਸਿੰਪਲ ਰੱਖਣਾ ਹੁੰਦਾ ਹੈ, ਤਾਂ ਕਿ ਉਹ ਬੱਚੇ ਤੋਂ ਲੈ ਕੇ ਬੁੱਢੇ, ਐਮ ਐਨ ਸੀ 'ਚ ਕੰਮ ਕਰਨ ਵਾਲੇ ਤੋਂ ਲੈ ਕੇ ਚਾਹ ਵੇਚਣ ਵਾਲੇ ਤੱਕ ਨੂੰ ਪਤਾ ਲੱਗੇ।

* ਤੁਸੀਂ ਬਤੌਰ ਨਿਰਮਾਤਾ ਵੱਖਰੀ ਤਰ੍ਹਾਂ ਦੀਆਂ ਫਿਲਮਾਂ ਨੂੰ ਚੁਣਦੇ ਹੋ ਅਤੇ ਬਤੌਰ ਐਕਟਰ ਵੱਖਰੀ ਤਰ੍ਹਾਂ ਦੀਆਂ ਫਿਲਮਾਂ। ਅਜਿਹਾ ਕਿਉਂ?

– ਅਸਲ 'ਚ ਬਤੌਰ ਪ੍ਰੋਡਿਊਸਰ ਮੈਂ ਵੱਖਰੇ ਢੰਗ ਨਾਲ ਸੋਚਦਾ ਹਾਂ ਅਤੇ ਇੱਕ ਐਕਟਰ ਵਜੋਂ ਦਰਸ਼ਕਾਂ ਨੂੰ ਮੇਰੇ ਤੋਂ ਕੁਝ ਵੱਖਰੀ ਤਰ੍ਹਾਂ ਦੀਆਂ ਆਸਾਂ ਹਨ। ਸੱਚ ਕਹਾਂ ਤਾਂ ਮੈਨੂੰ ਸਭ ਤੋਂ ਵੱਧ ਮਜ਼ਾ ਕਾਮੇਡੀ ਫਿਲਮਾਂ ਕਰਨ ਵਿੱਚ ਆਉਂਦਾ ਹੈ। ਮੈਨੂੰ 'ਵੈਲਕਮ ਬੈਕ' ਵਰਗੀਆਂ ਫਿਲਮਾਂ ਪਸੰਦ ਹਨ। ਮੈਂ ਕਾਮੇਡੀ ਫਿਲਮ ਪ੍ਰੋਡਿਊਸ ਵੀ ਕਰਨਾ ਚਾਹਾਂਗਾ, ਐਡਲਟ ਕਾਮੇਡੀ ਨੂੰ ਛੱਡ ਕੇ, ਪਰ ਦਰਸ਼ਕ ਮੈਨੂੰ 'ਮਦਰਾਸ ਕੈਫੇ' ਵਰਗੀ ਫਿਲਮ 'ਚ ਦੇਖਣਾ ਜ਼ਿਆਦਾ ਪਸੰਦ ਕਰਦੇ ਹਨ। ਅਜਿਹੀ ਹਾਲਤ ਵਿੱਚ ਬੈਲੇਂਸ ਬਣਾ ਕੇ ਚੱਲਣ ਦੀ ਕੋਸ਼ਿਸ਼ ਕਰਦਾ ਹਾਂ। ਇਹ ਸਭ ਤੋਂ ਵੱਧ ਜ਼ਰੂਰੀ ਹੈ।

* ਖਬਰ ਹੈ ਕਿ ਤੁਹਾਡੀ ਆਉਣ ਵਾਲੀ ਫਿਲਮ 'ਰਾਅ' ਦੀ ਸਕ੍ਰਿਪਟ ਕਾਫੀ ਹੱਦ ਤੱਕ 'ਰਾਜ਼ੀ' ਨਾਲ ਮਿਲਦੀ ਸੀ। ਖੈਰ, ਹੁਣ ਉਸ ਦੀ ਸਕ੍ਰਿਪਟ 'ਚ ਕਾਫੀ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ?

– ਨਹੀਂ, ਫਿਲਮ ਦੀ ਸਕ੍ਰਿਪਟ ਉਹੀ ਹੈ, ਜੋ ਮੈਨੂੰ ਲਗਭਗ ਚਾਰ ਜਾਂ ਪੰਜ ਮਹੀਨੇ ਪਹਿਲਾਂ ਸੁਣਾਈ ਗਈ ਸੀ। ਮੈਂ ਹਾਲੇ 'ਰਾਜ਼ੀ' ਦੇਖ ਨਹੀਂ ਸਕਿਆ, ਪਰ ਸੁਣਿਆ ਹੈ ਕਿ ਉਹ ਬਿਹਤਰੀਨ ਫਿਲਮ ਹੈ। ਜੇ ਮੈਂ ਫਿਲਮ ਦੇਖੀ ਨਹੀਂ ਤਾਂ ਦੱਸ ਨਹੀਂ ਸਕਦਾ ਕਿ ਸਕ੍ਰਿਪਟ ਉਹੋ ਜਿਹੀ ਹੈ ਜਾਂ ਨਹੀਂ। ਫਿਲਹਾਲ ਤਾਂ ਫਿਲਮ ਦੀ ਸਕ੍ਰਿਪਟ ਉਹੀ ਹੈ, ਜੋ ਮੈਨੂੰ ਸੁਣਾਈ ਗਈ ਸੀ।

* ਕੀ ਇਹ ਸੱਚ ਹੈ ਕਿ ਤੁਸੀਂ ਆਮਿਰ ਖਾਨ ਦੇ ਅਭਿਨੈ ਵਾਲੀ ਫਿਲਮ 'ਸਰਫਰੋਸ਼' ਦੇ ਸੀਕਵਲ 'ਚ ਕੰਮ ਕਰ ਰਹੇ ਹੋ?

– ਹਾਂ ਅਤੇ ਇਸ ਫਿਲਮ ਬਾਰੇ ਉਤਸ਼ਾਹਤ ਵੀ ਹਾਂ। ਇਸ ਐਕਸ਼ਨ-ਡਰਾਮਾ ਫਿਲਮ ਲਈ ਪੂਰੀ ਤਰ੍ਹਾਂ ਤਿਆਰ ਹਾਂ। ਦੱਸ ਦਿਆਂ ਕਿ ਜਾਨ ਮੈਥਿਊ ਮਥਾਨ ਦੇ ਨਿਰਦੇਸ਼ਨ 'ਚ ਬਣੀ 'ਸਰਫਰੋਸ਼' 1999 ਵਿੱਚ ਰਿਲੀਜ਼ ਹੋਈ ਸੀ ਅਤੇ ਉਸ ਵਿੱਚ ਆਮਿਰ ਖਾਨ, ਨਸੀਰੂਦੀਨ ਸ਼ਾਹ ਤੇ ਸੋਨਾਲੀ ਬੇਂਦਰੇ ਮੁੱਖ ਭੂਮਿਕਾਵਾਂ 'ਚ ਸਨ। ਇਸ ਵਾਰ ਜਾਨ ਮੈਥਿਊ ਮਥਾਨ ਅਤੇ ਮੈਂ ਮਿਲ ਕੇ ਫਿਲਮ ਦਾ ਨਿਰਮਾਣ ਕਰ ਰਹੇ ਹਾਂ। ਅਸੀਂ ਅਜੇ ਸਕ੍ਰਿਪਟ 'ਤੇ ਕੰਮ ਕਰ ਰਹੇ ਹਾਂ, ਪਰ ਮੈਂ ਇਸ ਵਿੱਚ ਐਕਟਿੰਗ ਵੀ ਕਰ ਰਿਹਾ ਹਾਂ। ਛੇਤੀ ਸ਼ੂਟਿੰਗ ਸ਼ੁਰੂ ਕਰਨ ਦੀ ਯੋਜਨਾ ਹੈ।

* ਮੂਲ ਫਿਲਮ 'ਚ ਆਮਿਰ ਸੀ, ਤਾਂ ਇਸ ਸੀਕਵਲ ਨੂੰ ਲੈ ਕੇ ਤੁਹਾਡੇ 'ਚ ਕੋਈ ਘਬਰਾਹਟ ਵੀ ਹੈ?

– ਅਸਲ 'ਚ ਮੈਂ ਫਿਲਮ ਨੂੰ ਲੈ ਕੇ ਕਾਫੀ ਉਤਸ਼ਾਹਤ ਹਾਂ। ਮੈਂ ਆਮਿਰ ਖਾਨ ਦਾ ਬਹੁਤ ਵੱਡਾ ਪ੍ਰਸ਼ੰਸਕ ਹਾਂ। ਇਹ ਇੱਕ ਚੁਣੌਤੀ ਹੈ, ਪਰ ਇਹ ਇੱਕ ਵੱਖਰਾ ਕਿਰਦਾਰ ਹੈ, ਵੱਖਰੀ ਕਹਾਣੀ ਹੈ ਹਾਲਾਂਕਿ ਸੁਭਾਅ ਵੱਖਰਾ ਹੈ। ਇਸ ਵਿੱਚ ਕਾਫੀ ਮਜ਼ਾ ਆਉਣ ਵਾਲਾ ਹੈ।

* ਕਿਸ ਤਰ੍ਹਾਂ ਦੇ ਰੋਲ ਨੂੰ ਪਹਿਲ ਦਿੰਦੇ ਹੋ?

– ਅਸਲ ਵਿੱਚ ਮੈਂ ਹਰ ਤਰ੍ਹਾਂ ਦੇ ਰੋਲ ਕਰਨਾ ਚਾਹੁੰਦਾ ਹਾਂ। ਕਰੀਅਰ ਦੇ ਇਸ ਮੋੜ 'ਤੇ ਮੈਂ ਅਜਿਹੇ ਰੋਲ ਕਰਨ ਲਈ ਜ਼ਿਆਦਾ ਐਕਸਾਈਟਿਡ ਹਾਂ, ਜੋ ਮੈਂ ਹਾਲੇ ਤੱਕ ਨਹੀਂ ਕੀਤੇ। ਮੈਂ ਐਕਸ਼ਨ, ਇਮੋਸ਼ਨਲ, ਕਾਮੇਡੀ, ਥ੍ਰਿਲਰ ਫਿਲਮਾਂ ਕਰਨਾ ਚਾਹੁੰਦਾ ਹਾਂ। ਉਂਝ, ਇਸ ਨੂੰ ਇੱਕ ਸਬੱਬ ਹੀ ਕਹਾਂਗਾ ਕਿ ਪਿੱਛੇ ਜਿਹੇ ਮੈਂ ਕਈ ਫਿਲਮਾਂ ਸਾਈਨ ਕੀਤੀਆਂ ਹਨ। ਜਿਨ੍ਹਾਂ ਵਿੱਚ ਕੁਝ ਐਕਸ਼ਨ ਫਿਲਮਾਂ ਕਰ ਰਿਹਾ ਹਾਂ ਤੇ ਨਾਲ ਕਾਮੇਡੀ ਫਿਲਮਾਂ ਦੀ ਲੰਬੀ ਲਿਸਟ ਹੈ। ਮੈਂ ਖੁਦ ਨੂੰ ਉਨ੍ਹਾਂ ਐਕਟਰਸ 'ਚ ਸ਼ੁਮਾਰ ਕਰਾਉਣਾ ਚਾਹੁੰਦਾ ਹਾਂ, ਜੋ ਕੁਆਲਿਟੀ ਵਰਕ 'ਚ ਯਕੀਨ ਰੱਖਦੇ ਹਨ। ਇਹੀ ਕਾਰਨ ਹੈ ਕਿ ਮੈਂ ਉਦੋਂ ਫਿਲਮ ਸਾਈਨ ਕਰਦਾ ਹਾਂ, ਜਦੋਂ ਮੈਨੂੰ ਆਪਣਾ ਰੋਲ ਪਸੰਦ ਆਉਂਦਾ ਹੈ।

## ਹਸਾਉਣ ਲਈ ਵੀ ਚਾਹੀਦੀ ਹੈ ਸਮਝਦਾਰੀ : ਅਜੈ ਦੇਵਗਨ



ਅਭਿਨੇਤਾ ਅਜੈ ਦੇਵਗਨ ਫਿਲਮ 'ਟੋਟਲ ਧਮਾਲ' ਵਿੱਚ ਨਜ਼ਰ ਆਉਣ ਵਾਲੇ ਹਨ। ਕਾਮੇਡੀ ਫਿਲਮਾਂ ਬਾਰੇ ਉਹ ਕਹਿੰਦੇ ਹਨ ਕਿ ਲੋਕਾਂ ਨੂੰ ਹਸਾਉਣ ਲਈ ਬਹੁਤ ਸਮਝਦਾਰੀ ਦੀ ਲੋੜ ਹੁੰਦੀ ਹੈ ਅਤੇ ਉਨ੍ਹਾਂ ਨੂੰ ਸਮਝ ਨਹੀਂ ਆਉਂਦਾ ਕਿ ਕਾਮੇਡੀ ਫਿਲਮਾਂ ਨੂੰ ਬ੍ਰੇਨਲੈਸ ਕਿਉਂ ਕਿਹਾ ਜਾਂਦਾ ਹੈ। ਅਜੈ ਕਹਿੰਦੇ ਹਨ, "ਅੱਜ ਪੂਰੀ ਦੁਨੀਆ ਵਿੱਚ ਕਾਮੇਡੀਅਨ ਵੱਡੇ ਸਟਾਰ ਬਣ ਗਏ ਹਨ। ਸਾਡੇ ਕੋਲ ਕਪਿਲ ਸ਼ਰਮਾ ਹਨ। ਲੋਕਾਂ ਨੂੰ ਹਸਾਉਣ ਦੇ ਲਈ ਸਮਝਦਾਰੀ ਦੀ ਜ਼ਰੂਰਤ ਹੁੰਦੀ ਹੈ। ਤੁਸੀਂ ਦੂਸਰਿਆਂ ਨੂੰ ਹਸਾਉਣ ਦੇ ਲਈ ਚਿਹਰੇ ਨਹੀਂ ਬਣਾ ਸਕਦੇ।"

## 'ਬਾਗੀ 3' ਦੇ ਲਈ ਟਾਈਗਰ ਨਾਲ ਫਿਰ ਜੁੜੀ ਸ਼ਰਧਾ



ਬਾਲੀਵੁੱਡ ਵਿੱਚ ਕੁਝ ਫਿਲਮਾਂ ਅਜਿਹੀਆਂ ਹਨ, ਜੋ ਦਰਸ਼ਕਾਂ ਦੇ ਦਿਲੋ ਦਿਮਾਗ ਤੋਂ ਜਲਦੀ ਨਹੀਂ ਉਤਰਦੀਆਂ। 2016 ਵਿੱਚ ਰਿਲੀਜ਼ ਹੋਈ 'ਬਾਗੀ' ਅਜਿਹੀ ਹੀ ਫਿਲਮ ਹੈ। ਖਾਸ ਕਰ ਜਦ ਟਾਈਗਰ ਸ਼ਰਾਫ ਨੂੰ ਲੈ ਕੇ ਇਸ ਨੂੰ ਨਵੀਂ ਲੁਕ ਵਿੱਚ ਬਣਾਇਆ ਗਿਆ ਤਾਂ ਇਹ ਪਹਿਲਾਂ ਵਾਲੀ 'ਬਾਗੀ' ਤੋਂ ਵੱਧ ਚੱਲੀ। ਇਸ ਦੀ ਸਫਲਤਾ ਦੇਖ ਕੇ ਨਿਰਮਾਤਾਵਾਂ ਨੇ ਇਸ ਦਾ ਦੂਸਰਾ ਭਾਗ ਬਣਾਇਆ। ਇਸ ਦੇ ਪਹਿਲੇ ਭਾਗ ਵਿੱਚ ਸ਼ਰਧਾ ਕਪੂਰ ਲੀਡ ਭੂਮਿਕਾ ਵਿੱਚ ਸੀ ਤੇ ਦੂਸਰੇ ਭਾਗ ਵਿੱਚ ਦਿਸ਼ਾ ਪਟਾਨੀ ਨੂੰ ਲਿਆ ਗਿਆ ਸੀ। ਜਦ 'ਬਾਗੀ' ਦਾ ਤੀਸਰਾ ਭਾਗ ਬਣਾਉਣ ਦੀ ਤਿਆਰੀ ਚੱਲ ਰਹੀ ਹੈ ਤਾਂ ਇੱਕ ਵਾਰ ਫਿਰ ਇਸ ਵਿੱਚ ਸ਼ਰਧਾ ਕਪੂਰ ਦੀ ਐਂਟਰੀ ਹੋ ਗਈ ਹੈ। ਇਸ ਬਾਰੇ ਵਿੱਚ ਸ਼ਰਧਾ ਨੇ ਦੱਸਿਆ, 'ਬਾਗੀ' ਪਰਵਾਰ ਦੇ ਨਾਲ ਫਿਰ ਤੋਂ ਜੁੜ ਕੇ ਮੈਂ ਕਾਫੀ ਉਤਸ਼ਾਹਤ ਹਾਂ।




# INTERSTATE FREIGHT SYSTEMS INC.

## A/Z ਡਰਾਈਵਰ ਤੇ ਡਿਸਪੈਚਰ ਦੀ ਲੋੜ

USA, Montreal, Montreal Local Within Ontario
ਤੇ Local GTA ਵਾਸਤੇ AZ ਡਰਾਇਵਰਾਂ ਦੀ ਲੋੜ ਹੈ

**Also Hiring Owner Operators for local work**

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
- Experienced ਡਿਸਪੈਚਰਾਂ ਦੀ ਵੀ ਲੋੜ ਹੈ

Please send resume at:
jgill@interstatefreightsystem.com
Call: 416-452-0677, 647-448-3500
(Monday to Friday | 10am to 5pm)

# AZ DRIVERS JOB FAIR

## SEEKING DRIVERS FOR RUNS TO U.S

Hourly Pay 100%; We are currently hiring AZ drivers, Company and Owner Operators for our US Highway Runs;
Our drivers are the heart of our company;

{ AZ ਡਰਾਈਵਰਾਂ ਦੀ ਲੋੜ ਹੈ, ਤਨਖਾਹ ਹਰ ਹਫ਼ਤੇ, ਨਵੇਂ ਬਰੈਂਡ ਨਿਊ ਟੱਰਕ, ਸ਼ਨਿੱਚਰਵਾਰ ਤੇ ਐਂਤਵਾਰ ਨੂੰ ਘਰੇ। }

**Location:** 75 Rexdale Blvd, Etobicoke, M9W 1P1

**Date:** Friday, March 8th from 8 am to 5 pm

- Hourly Rates
- Direct deposit weekly
- New Automatic trucks 2017-2018
- Long term employment
- Regular customers & Regular routes.
- Home every week
- Open door policy
- Dedicated manager to help fix any issues
- Referral Bonus
- Competitive Hourly Pay Structure

Bring your resume, abstract and CVOR. Cant make it to job fair?
Give us a call today at 416.742.2345 ext.4496 or email us at amanda.mangal@xtl.com

XTL TRANSPORT LOGISTICS DISTRIBUTION

XTL is an equal opportunity employer that embraces diversity in the workplace and equivalently considers applications from qualified women, men, visible minorities, aboriginal people and persons with disabilities. At XTL you will find the place that suits you!

# ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

## ਹੁਣ ਖੁਲ ਗਿਆ ਹੈ ਬਰੈਂਪਟਨ ਵਿੱਚ

RAINBOW INTERNATIONAL RESTORATION

# Residential & Commercial Restoration/Cleaning Services

| Restoration Services | Cleaning Services |
|---|---|
| Water Damage Mitigation | Carpet Cleaning |
| Fire and Smoke Restoration | Spot and Stain Removal |
| Mould Remediation | Air Duct Cleaning |
| Contents Inventory & Pack-out | Tile and Grout Cleaning |
| Biohazard Cleanup | Odour Removal |
| | Power Washing |

ਘਰ/ਦਫਤਰ ਜਾਂ *Commercial* ਕਿਸੇ ਵੀ *Building* ਦੀ ਹਰ ਸਮਸਿਆ ਦਾ ਸਿਕੇ ਬੰਦ ਹਲ – ਜਿਵੇਂ ਕਿ :-

- ਦਿਵਾਰ/ਛੱਤ/ ਜਾਂ ਬੈਸਮੇਂਟ ਵਿੱਚ ਪਾਣੀ ਦੀ *Leakage* (ਸਿਮਣਾ) ਨੂੰ ਬਾਰੀਕੀ ਨਾਲ ਜਾਂਚ ਕਰਕੇ ਤੁਰੰਤ ਸੀਲ ਵਾਂਗੂ ਬੰਦ ਕਰਨਾ।
- ਘਰ ਵਿਚੋ ਧੂੰਆ/ਜਾਂ ਜਹਿਰੀਲੀ ਗੈਸ ਦੀ smell ਨੂੰ ਜਾਂਚ ਕੇ *Control* ਕਰਣਾ ਤੇ ਉਸ ਨੂੰ ਅੱਗ ਆਦਿ ਲਗਣ ਤੋਂ ਬਚਾਉਣਾ।
- *Air Duct Cleaning with powerful vacuum pumps* – ਇਨ੍ਹਾਂ ਦੀ ਕਿਤੀ ਦਾ ਫਰਕ ਤੁਸੀ ਖੁਦ ਮਹਿਸੂਸ ਕਰੋਗੇ।
- *Carpet/Tiles/Sofa* ਆਦਿ ਦੇ ਦਾਗਾਂ ਨੂੰ ਜੜ ਤੋਂ ਖਤਮ ਕਰਕੇ *Sanitize* ਕਰਕੇ ਨਵੇਂ ਵਰਗਾ ਬਣਾਉਣਾ।

**905.487.4500 | rainbowintl.com/brampton**

*188 Wilkinson Rd #6, Brampton, ON L6T 4W9 (Dixie & Advance Blvd.)*




ਜ਼ਰੂਰਤ ਪੈਣ ਤੇ ਇਨਾਂ ਦੀ *Special Van 15-20 Dryer/Humidifier* ਲੈ ਕੇ ਹਾਦਸੇ ਵਾਲੀ ਜਗ੍ਹਾ ਤੇ ਪਹੁੰਚ ਕੇ ਤੁਹਾਡੇ ਜਾਨ ਮਾਲ ਦਾ ਨੁਕਸਾਨ ਹੋਣ ਤੋਂ ਬਚਾਉਣ ਵਿੱਚ ਤੁਹਾਡੀ ਮਦਦ ਕਰਨਗੇ।

